# ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ

(“ਮੈਂ ਨਾਸਤਿਕ ਕਿਉਂ ਹਾਂ?” ਦੀ ਸਿਰਜਣਾ ਦੇ ਸੰਦਰਭ ਵਿੱਚ)

***“ਸੂਫ਼ੀ” ਅਮਰਜੀਤ***

**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।**

**ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ**

ਲੇਖਕ : **“ਸੂਫ਼ੀ” ਅਮਰਜੀਤ**
ਬੱਸੀਆਂ,
ਜ਼ਿਲ੍ਹਾ ਲੁਧਿਆਣਾ
Ph. 01624-61478

***SOOFI AMARJIT***
8285-150 ASt.
Survey B.C.
V35849 (CANADA)
Ph. 604-596-6546

ਪਹਿਲੀ ਵਾਰ : ਜੂਨ, 2001

© ਅਨੁਵਾਦਕ

**ਟਾਈਟਲ : ਅਮਿੱਤ**

**ਪ੍ਰਕਾਸ਼ਕ : *ਤਰਕਭਾਰਤੀ ਪ੍ਰਕਾਸ਼ਨ***
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਬਰਨਾਲਾ
ਫੋਨ : 01679-33244, 41744
e-mail : amitter@jla.vsnl.net.in
www.tarksheel.com

**ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।**

**ਕੀਮਤ : ਪੇਪਰ ਬੈਕ 20 ਰੁਪਏ**

*ਚਾਰਵਾਕ ਦੇ ਆਦਿ ਲੋਕ ਨਾਇਕਾਂ*
*ਅਤੇ*
*ਚੇਤਨਾ ਦੇ ਅਭਿਲਾਖੀਆਂ ਦੇ ਨਾਂ*



*"ਇਹ ਮੇਰਾ ਘਮੰਡ ਨਹੀਂ, ਮੇਰੇ ਦੋਸਤੋ!*
*ਇਹ ਮੇਰੇ ਸੋਚਣ ਦਾ ਢੰਗ ਹੈ,*
*ਜਿਸਨੇ ਮੈਨੂੰ ਨਾਸਤਿਕ ਬਣਾਇਆ ਹੈ।"*

***- ਸ਼ਹੀਦ ਭਗਤ ਸਿੰਘ***

# ਮੁੱਖ ਬੰਦ

ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੀ ਰਚਨਾ "ਮੈਂ ਨਾਸਤਿਕ ਕਿਉਂ ਹਾਂ?" ਬੜੀ ਹੀ ਚਰਚਿਤ ਰਚਨਾ ਹੈ। ਇਹ ਆਕਾਰ ਦੇ ਪੱਖੋਂ ਤਾਂ ਕੇਵਲ ਵੀਹ ਕੁ ਸਫ਼ਿਆਂ ਦੀ ਹੀ ਹੈ ਪਰ ਇਸ ਦਾ ਵਿਸ਼ਾ ਵਸਤੂ ਫਲਸਫੇ ਦੇ ਮੁਢਲੇ ਪ੍ਰਸ਼ਨ 'ਈਸ਼ਵਰ ਦੀ ਹੋਂਦ' ਨਾਲ ਸੰਬੰਧਿਤ ਹੋਣ ਦੇ ਕਾਰਨ ਬੜੀ ਹੀ ਮਹੱਤਵਪੂਰਨ ਹੈ। ਬੇਸ਼ੱਕ ਇਸ ਰਚਨਾ ਨੂੰ ਪੜ੍ਹਿਆ ਤਾਂ ਜ਼ਰੂਰ ਗਿਆ ਹੈ ਪ੍ਰੰਤੂ ਇਸ ਨੂੰ ਗੰਭੀਰਤਾ ਨਾਲ ਵਿਚਾਰਿਆ ਘਟ ਗਿਆ ਹੈ। ਜੇਕਰ ਇਸ ਨੂੰ ਵਿਸ਼ੇਸ਼ ਧਿਆਨ ਨਾਲ ਵਿਚਾਰਿਆ ਜਾਂਦਾ ਤਾਂ ਦੇਸ਼ ਵਿੱਚ ਸੰਪਰਦਾਇਕ ਤਾਕਤਾਂ ਇੰਨੀਆਂ ਸ਼ਕਤੀਸ਼ਾਲੀ ਬਣ ਕੇ ਨਾ ਉਭਰਦੀਆਂ।

ਇਸ ਰਚਨਾ ਦੇ ਛਪਣ ਤੋਂ ਪਹਿਲਾਂ ਅਤੇ ਸ. ਭਗਤ ਸਿੰਘ ਦੀ ਸ਼ਹਾਦਤ ਤੋਂ ਪਿੱਛੋਂ ਇੱਕ ਬਹਿਸ ਚੱਲੀ ਸੀ ਕਿ ਉਹਨਾਂ ਨੇ ਫਾਂਸੀ ਲੱਗਣ ਤੋਂ ਪਹਿਲਾਂ ਸਿੱਖ ਧਰਮ ਧਾਰਨ ਕਰ ਲਿਆ ਸੀ। ਜੇ ਕਰ ਇਹ ਰਚਨਾ ਸਾਹਮਣੇ ਨਾ ਆਉਂਦੀ ਤਾਂ ਸ. ਭਗਤ ਸਿੰਘ ਉੱਪਰ ਇੱਕ ਅਜਿਹਾ ਕਲੰਕ ਲੱਗ ਜਾਣਾ ਸੀ ਜਿਸ ਦਾ ਲੱਖ ਸਫ਼ਾਈਆਂ ਪੇਸ਼ ਕਰਨ ਉੱਪਰ ਵੀ ਲਹਿ ਸਕਣਾ ਸੰਭਵ ਨਾ ਹੁੰਦਾ। ਇਹ ਗੱਲ ਗਿਆਨੀ ਨਾਹਰ ਸਿੰਘ ਵੱਲੋਂ ਸੰਪਾਦਿਤ, ਭਾਈ ਰਣਧੀਰ ਸਿੰਘ ਦੀਆਂ ਜੇਲ੍ਹ ਚਿੱਠੀਆਂ' ਵਿੱਚ ਦਰਜ ਹੈ। ਅਸੀਂ ਇੱਥੇ ਉਸ ਦੀ ਚਰਚਾ ਨਹੀਂ ਕਰਨੀ ਚਾਹੁੰਦੇ। ਸਿਰਫ ਪਾਠਕਾਂ ਨੂੰ ਸਲਾਹ ਦੇਵਾਂਗੇ ਕਿ ਜੇ ਉਹ ਚਾਹੁਣ ਤਾਂ ਉਹ ਉਸ ਪੁਸਤਕ ਨੂੰ ਪੜ੍ਹ ਕੇ ਦੇਖ ਲੈਣ। ਫਿਰ ਵੀ ਅਸੀਂ ਇੱਕ ਗੱਲ ਜ਼ਰੂਰ ਆਖਾਂਗੇ ਕਿ ਉਸ ਪੁਸਤਕ ਅਨੁਸਾਰ ਭਾਈ ਰਣਧੀਰ ਸਿੰਘ ਦੀ ਰਿਹਾਈ ਤੋਂ ਦੋ ਜਾਂ ਕੁਝ ਘੰਟੇ ਪਹਿਲਾਂ ਇਹ ਮੁਲਾਕਾਤ ਕੀਤੀ ਦੱਸੀ ਗਈ ਹੈ। ਜੇਕਰ ਇਹ ਦਰੁਸਤ ਹੈ ਤਾਂ ਭਾਈ ਸਾਹਿਬ ਨੇ ਇਹ ਚਿੱਠੀ ਕਦੋਂ, ਕਿਸਨੂੰ ਲਿਖੀ ਜਦੋਂ ਕਿ ਉਹ ਜੇਲ੍ਹ ਤੋਂ ਰਿਹਾ ਹੋ ਕੇ ਬਾਹਰ ਜਾ ਰਹੇ ਸਨ। ਸੰਭਵ ਹੈ ਕਿ ਸ. ਭਗਤ ਸਿੰਘ ਨਾਲ ਉਹਨਾਂ ਦੀ ਭੇਂਟ ਹੋਈ ਹੋਵੇ ਤੇ ਉਸ ਬਾਰੇ ਜੋ ਗੱਲਬਾਤ ਹੋਈ ਸੀ ਉਸ ਨੂੰ ਸੰਪਾਦਕ ਨੇ, ਉਹਨਾਂ ਦੇ ਸਿੱਖੀ ਧਾਰਨ ਕਰਨ ਬਾਰੇ ਲਿਖ ਦਿੱਤਾ ਹੋਵੇ ਤਾਂ ਜੋ ਹੋਰ ਲੋਕ ਇਸ ਤੋਂ ਪ੍ਰੇਰਨਾ ਲੈ ਕੇ ਸਿੱਖੀ ਧਾਰਨ ਕਰ ਲੈਣ। ਸੋ ਅਸੀਂ ਸਮਝਦੇ ਹਾਂ ਕਿ ਗਿਆਨੀ ਨਾਹਰ ਸਿੰਘ ਵਲੋਂ ਇਹ ਸ. ਭਗਤ ਸਿੰਘ ਨਾਲ ਇੱਕ ਵੱਡੀ ਵਧੀਕੀ ਸੀ। ਉਹਨਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ।

ਲੰਘੇ ਸੱਤਰ ਸਾਲਾਂ ਉੱਪਰ ਨਜ਼ਰ ਮਾਰਦਿਆਂ ਨੂੰ ਇਹ ਸਪਸ਼ਟ ਹੋ ਜਾਂਦਾ ਹੈ ਕਿ ਨਾ ਤਾਂ ਇਸ ਗੱਲ ਨਾਲ ਸਿੱਖੀ ਦੇ ਪਾਸਾਰ ਵਿੱਚ ਹੀ ਸਹਾਇਤਾ ਮਿਲੀ ਹੈ ਅਤੇ ਨਾ ਹੀ ਸ. ਭਗਤ ਸਿੰਘ ਦੇ ਇਨਕਲਾਬੀ ਕਿਰਦਾਰ ਅਤੇ ਸਤਿਕਾਰ ਵਿੱਚ ਕੋਈ ਕਮੀ ਆਈ ਹੈ।

ਇੱਥੇ ਸ. ਭਗਤ ਸਿੰਘ ਦੇ ਸਾਥੀ ਅਤੇ ਉਹਨਾਂ ਦੀ ਇਨਕਲਾਬੀ ਪਾਰਟੀ ਦੇ ਮੈਂਬਰ ਮਰਹੂਮ ਪੰਡਤ ਸ਼ਿਵ ਵਰਮਾ ਵਲੋਂ ਲਿਖੀ, 'ਮੈਂ ਨਾਸਤਿਕ ਕਿਉਂ ਹਾਂ ?" ਦੇ 1981 ਦੇ ਹਿੰਦੀ ਐਡੀਸ਼ਨ ਦੀ ਭੂਮਿਕਾ ਦਾ ਹਵਾਲਾ ਦੇਣਾ ਉੱਚਿਤ ਹੋਵੇਗਾ। ਉਹਨਾਂ ਨੇ ਲਿਖਿਆ ਹੈ :

"ਇੱਥੇ ਦਿੱਤੇ ਲੇਖ ਵਿੱਚ 'ਮੈਂ ਨਾਸਤਿਕ ਕਿਉਂ ਹਾਂ ?" ਭਗਤ ਸਿੰਘ ਨੇ ਈਸ਼ਵਰ ਅਤੇ ਧਰਮ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਫਾਂਸੀ ਤੋਂ ਕੁਝ ਦਿਨ ਪਹਿਲਾਂ, ਬੱਬਰ



ਅਕਾਲੀ ਕੇਸ ਤੇ ਬਾਬਾ ਰਣਧੀਰ ਸਿੰਘ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ ਘੱਟੋ ਘੱਟ ਮੌਤ ਨੂੰ ਸਾਹਮਣੇ ਖੜ੍ਹਾ ਦੇਖ ਕੇ ਤਾਂ ਉਹ ਪ੍ਰਮਾਤਮਾ ਨੂੰ ਯਾਦ ਕਰ ਲਵੇ। ਅਤੇ ਜਦੋਂ ਭਗਤ ਸਿੰਘ ਨੇ ਉਹਨਾਂ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ 'ਘਮੰਡੀ' ਕਹਿ ਕੇ ਚਲੇ ਗਏ। ਜੇਕਰ ਬਾਬਾ ਜੀ ਨੇ ਆਪਣੇ ਵਿਅੰਗ ਬਾਣਾਂ ਨਾਲ ਭਗਤ ਸਿੰਘ ਨੂੰ ਸੱਟ ਨਾ ਮਾਰੀ ਹੁੰਦੀ ਤਾਂ ਸ਼ਾਇਦ ਉਹਨਾਂ ਨੂੰ ਇਹ ਲਿਖਣ ਦੀ ਲੋੜ ਨਾ ਪੈਂਦੀ ਅਤੇ **ਇੰਨੇ ਮਹੱਤਵਪੂਰਨ ਵਿਸ਼ੇ ਉੱਤੇ ਸ. ਭਗਤ ਸਿੰਘ ਦੇ ਵਿਚਾਰਾਂ ਤੋਂ ਅਸੀਂ ਬਾਂਝੇ ਰਹਿ ਜਾਣਾ ਸੀ। ਇਸ ਪੱਖੋਂ ਅਸੀਂ ਬਾਬਾ ਜੀ ਦੇ ਧੰਨਵਾਦੀ ਹਾਂ।"** (ਜ਼ੋਰ ਸਾਡਾ)

ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਹਾਕਮ ਜਮਾਤਾਂ ਅਤੇ ਉਹਨਾਂ ਦੀਆਂ ਪਾਰਟੀਆਂ ਨੇ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਨੇ ਪੂਰੇ ਦੇਸ਼ ਵਿੱਚ ਨੌਜੁਆਨਾਂ ਨੂੰ ਵਿਦਰੋਹੀ ਭਾਵਨਾਵਾਂ ਨਾਲ ਟੁੰਬ ਦਿੱਤਾ ਸੀ ਪ੍ਰੰਤੂ ਕਿਸੇ ਕਾਂਗਰਸੀ ਆਗੂ ਨੇ ਉਹਨਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਖਾਸ ਕਰਕੇ ਮੌਲਾਨਾ ਅਵੱਲ ਕਲਾਮ ਆਜ਼ਾਦ ਨੇ ਆਪਣੀ ਪ੍ਰਸਿੱਧ ਜੀਵਨੀ **ਇੰਡੀਆ ਵਿਨਜ਼ ਫਰੀਡਮ** ਵਿੱਚ ਸ. ਭਗਤ ਸਿੰਘ ਅਤੇ ਹੋਰਨਾਂ ਸ਼ਹੀਦਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਇਹੋ ਨਹੀਂ ਕਿ ਖੱਬੇ ਪੱਖੀ ਲਹਿਰ ਨੂੰ ਅਣਡਿੱਠੀ ਹੀ ਕੀਤਾ ਸਗੋਂ ਸੁਤੰਤਰ ਭਾਰਤ ਦੀ ਕਾਂਗਰਸੀ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੇ ਰਾਜਸੀ ਵਾਰਸਾਂ ਨੂੰ ਸਾਲਾਂ ਬੱਧੀ ਜੇਲ੍ਹਾਂ ਵਿੱਚ ਬੰਦ ਰੱਖਿਆ ਇਸ ਤੋਂ ਇਹੋ ਹੀ ਸਪਸ਼ਟ ਹੁੰਦਾ ਹੈ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਰਾਜਸੀ ਪ੍ਰੋਗ੍ਰਾਮ ਪੂੰਜੀਪਤੀ ਸਾਪੰਤੀ ਜਮਾਤਾਂ ਦੇ ਰਾਜਸੀ ਤੇ ਆਰਥਿਕ ਹਿੱਤਾਂ ਨਾਲ ਟਕਰਾਉਂਦਾ ਸੀ। ਅੱਜ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਉਹਨਾਂ ਦੇ ਉਤਰਾਅਧਿਕਾਰੀਆਂ ਨੂੰ ਵੰਗਾਰ ਰਹੀ ਹੈ ਕਿ ਲੋਕਾਂ ਤੱਕ ਉਹਨਾਂ ਦੇ ਵਿਚਾਰਾਂ ਨੂੰ ਪਹੁੰਚਾਇਆ ਜਾਵੇ। ਇਸੇ ਨਾਲ ਫਿਰਕਾਪ੍ਰਸਤੀ ਅਤੇ ਬੁਨਿਆਦ ਪ੍ਰਸਤੀ ਦੇ ਖ਼ਤਰਨਾਕ ਦੈਂਤ ਨੂੰ ਖ਼ਤਮ ਕੀਤਾ ਜਾ ਸਕਦਾ ਹੈ। **ਇਨਕਲਾਬ-ਜ਼ਿੰਦਾਬਾਦ** ਦੇ ਨਾਅਰੇ ਨੂੰ ਗੂੰਜਾਉਣ ਅਤੇ ਅਜੋਕੀ ਸਥਿਤੀ ਅਨੁਸਾਰ ਲਾਗੂ ਕਰਨ ਦੀ ਗੰਭੀਰ ਲੋੜ ਬਣ ਗਈ ਹੈ।

ਸ. ਭਗਤ ਸਿੰਘ ਦੀ ਸ਼ਹਾਦਤ ਤੋਂ ਲੈ ਕੇ ਅੱਜ ਤੱਕ ਧਾਰਮਿਕਤਾ ਪ੍ਰਤੀ ਦ੍ਰਿਸ਼ਟੀਕੋਨ ਵਿਚ ਅਨੇਕਾਂ ਉਤਰਾ-ਚੜ੍ਹਾਅ ਆਏ ਹਨ। ਭਾਵੇਂ ਈਸ਼ਵਰ ਦੀ ਹੋਂਦ ਪ੍ਰਤੀ ਪਹੁੰਚ ਪਰੰਪਰਾ ਵਾਲੀ ਹੀ ਹੈ ਫਿਰ ਵੀ ਆਸਤਿਕਤਾ ਨਾਸਤਿਕਤਾ ਦਾ ਸਵਾਲ ਪਹਿਲਾਂ ਵਾਂਗੂੰ ਤਲਖ਼ ਨਹੀਂ ਰਿਹਾ ਹੈ। ਇਸ ਦੀ ਥਾਂ ਉੱਪਰ ਬਹੁ-ਗਿਣਤੀ ਦੀ ਸੰਪਰਦਾਇਕਤਾ ਦਾ ਘੱਟ ਗਿਣਤੀ ਪ੍ਰਤੀ ਭੇਦ-ਭਾਵ ਅਤੇ ਨਫ਼ਰਤ ਦੀ ਪਹੁੰਚ ਨੂੰ ਰਾਜਸੀ ਲਾਭਾਂ ਲਈ ਵਰਤਣਾਂ ਵਧੇਰੇ ਖ਼ਤਰਨਾਕ ਰੂਪ ਧਾਰਨ ਕਰ ਗਿਆ ਹੈ।

ਹੁਣ ਨਾਸਤਿਕਤਾ ਦੇ ਵਿਰੋਧ ਵਿੱਚ ਆਸਤਿਕਤਾ, ਉਹ ਵੀ ਸੰਪਰਦਾਇਕਤਾ ਦੀ ਸੰਕੀਰਨਤਾ ਨਾਲ ਲੈਸ ਹੋ ਕੇ ਸਰਕਾਰੀ ਤੇ ਗੈਰਸਰਕਾਰੀ 'ਧਰਮ ਨਿਰਪੱਖਤਾ' ਦੇ ਰੂਪ ਵਿੱਚ ਵਧੇਰੇ ਪ੍ਰਭਾਵੀ ਹੋ ਗਈ ਹੈ। ਕਈ ਮਾਰਕਸੀ ਬੁੱਧੀ ਜੀਵੀ ਸ. ਭਗਤ ਸਿੰਘ ਦੀ ਚਰਚਾ ਹੇਠਲੀ ਪੁਸਤਕਾਂ ਦਾ ਖੁੱਲ੍ਹ ਕੇ ਜ਼ਿਕਰ ਕਰਨ ਤੋਂ ਇਸ ਲਈ ਗੁਰੇਜ਼ ਕਰਦੇ ਹਨ ਕਿ ਕਿਧਰੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪੁੱਜੇ। ਪ੍ਰੰਤੂ ਆਸਤਿਕਤਾ/ਨਾਸਤਿਕਤਾ ਦੇ ਵਿਸ਼ੇ ਉੱਪਰ ਵਿਚਾਰ ਦਾ ਇਹ ਉੱਕਾ ਹੀ ਅਰਥ ਨਹੀਂ ਹੈ ਕਿ ਕਿਸੇ ਵੀ ਧਾਰਮਿਕ ਅਕੀਦੇ ਦੇ ਧਾਰਕ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਜਾਵੇ। ਇਸ ਦਾ ਮਨੋਰਥ ਤਾਂ ਸੰਸਾਰ ਉਤਪਤੀ

ਦੇ ਵਿਗਿਆਨਕ ਦ੍ਰਿਸ਼ਟੀਕੋਨ ਨੂੰ ਅੱਗੇ ਲਿਆਂਦਾ ਜਾਂਦਾ ਹੈ ਤਾਂ ਜੋ ਅਜੋਕੇ ਸਮਾਜੀ ਯਥਾਰਥ ਦਾ ਤਰਕ ਸੰਗਤ ਵਿਗਿਆਨਕ ਵਿਸ਼ਲੇਸ਼ਣ ਕੀਤਾ ਜਾਵੇ ਕਿ ਕੁਝ ਲੋਕ ਅਮੀਰ ਕਿਉਂ ਹਨ ਤੇ ਅਨੇਕਾਂ ਲੋਕ ਗਰੀਬ ਕਿਉਂ ਹਨ ? ਕੁਝ ਕੁ ਜਾਇਦਾਦਾਂ ਤੇ ਕਾਰਖਾਨਿਆਂ ਦੇ ਮਾਲਕ ਅਤੇ ਬਾਕੀ ਕਰੋੜਾਂ ਖ਼ੇਤ ਮਜ਼ਦੂਰ ਅਤੇ ਮਜ਼ਦੂਰ ਕਿਉਂ ਹਨ ? ਕੀ ਮਜ਼ਦੂਰਾਂ ਨੂੰ ਉਹਨਾਂ ਦੀ ਮਿਹਨਤ ਦਾ ਪੂਰਾ ਮੁੱਲ ਮਿਲਦਾ ਹੈ ? ਕਿਉਂ ਵਿਹਲੇ ਲੋਕ ਐਸ਼ ਕਰਦੇ ਹਨ ਤੇ ਮਿਹਨਤਕਸ਼ ਗਰੀਬੀ ਭੁੱਖਮਰੀ ਦਾ ਜੀਵਨ ਬਸਰ ਕਰਦੇ ਹਨ ? ਲੋਕਾਂ ਦੇ ਹਿੱਤਾਂ ਹੱਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਨੂੰ, ਆਮ ਜਨਤਾ ਕਿਉਂ ਪਛਾਨਣ ਤੋਂ ਅਸਮਰਥ ਹੈ ? ਕਿਉਂ ਪੂੰਜੀਪਤੀ ਤੇ ਉਹਨਾਂ ਦੇ ਸਹਿਯੋਗੀ ਹੀ ਧਨ ਤੇ ਸ਼ਰਾਬ ਦੇ ਸਹਾਰੇ ਚੁਣੇ ਜਾਂਦੇ ਹਨ ? ਲੋਕ ਕਿਉਂ ਧਨ ਤੇ ਭ੍ਰਿਸ਼ਟਾਚਾਰ, ਸ਼ਰਾਬ ਆਦਿ ਨਾਲ ਆਪਣੀ ਜ਼ਮੀਰ ਵੇਚ ਦਿੰਦੇ ਹਨ ? ਹਥਿਆਰਬੰਦ ਇਨਕਲਾਬ ਦਾ ਸੰਕਲਪ ਅਜੋਕੇ ਯਥਾਰਥ ਦੇ ਸਾਹਮਣੇ ਕਿਸ ਸੰਦਰਭ ਵਿੱਚ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ ? ਉਪਰੋਕਤ ਸਾਰੇ ਸਵਾਲਾਂ ਦਾ ਆਸਤਿਕਤਾ ਨਾਲ ਕੀ ਸੰਬੰਧ ਹੈ ? ਰੱਬ ਦੀ ਹੋਂਦ ਦਾ ਸੰਕਲਪ ਉਪਰੋਕਤ ਸਵਾਲਾਂ ਨੂੰ ਖੜੇ ਰੱਖਣ ਵਿੱਚ ਕਿਵੇਂ ਸਹਾਈ ਹੁੰਦਾ ਹੈ।

ਕੁਝ ਇਸ ਤਰ੍ਹਾਂ ਦੇ ਮਸਲਿਆਂ ਨੂੰ ਧਿਆਨ ਵਿੱਚ ਰੱਖ ਕੇ ਸ. ਭਗਤ ਸਿੰਘ ਦੀ ਇਸ ਰਚਨਾ ਨੂੰ ਵਿਸਤਾਰ ਨਾਲ ਵਿਚਾਰਨ ਦਾ ਇਹ ਇੱਕ ਯਤਨ ਹੈ। ਉਮੀਦ ਹੈ ਕਿ ਪਾਠਕ ਇਸ ਦੀ ਸਹਾਇਤਾ ਨਾਲ ਨਵੇਂ ਰੂਪ ਵਿੱਚ ਪੜ੍ਹ ਕੇ ਕੁੱਝ ਨਾ ਕੁੱਝ ਲਾਭ ਜ਼ਰੂਰ ਪ੍ਰਾਪਤ ਕਰ ਸਕਣਗੇ।

**- ਸੂਫ਼ੀ ਅਮਰਜੀਤ**
**20 ਅਕਤੂਬਰ 1998**



# ਇੱਕ ਹੋਰ ਭੂਮਿਕਾ ਵਰਗਾ ਨੋਟ

'ਸ. ਭਗਤ ਸਿੰਘ ਦੀ ਨਾਸਤਿਕਤਾ' ਨਾਂ ਦੀ ਇਸ ਪੁਸਤਕ ਨੂੰ ਮੈਂ 3 ਅਕਤੂਬਰ 1994 ਨੂੰ ਲਿਖਣਾ ਸ਼ੁਰੂ ਕੀਤਾ ਸੀ। 24 ਅਕਤੂਬਰ ਨੂੰ ਮੇਰੇ ਦਿਲ ਦੀ 'ਬਾਈਪਾਸ ਸਰਜਰੀ' ਹੋਣੀ ਸੀ। ਮੈਨੂੰ ਆਸ ਸੀ ਕਿ ਮੈਂ ਉਦੋਂ ਤੱਕ ਇਸ ਦਾ ਖ਼ਰੜਾ ਪੂਰਾ ਕਰ ਲਵਾਂਗਾ। ਪ੍ਰੰਤੂ 23 ਅਕਤੂਬਰ ਤੱਕ ਕੁਝ ਹਿੱਸਾ ਅਧੂਰਾ ਰਹਿ ਗਿਆ ਇਸ ਤਰ੍ਹਾਂ ਓਪਰੇਸ਼ਨ ਤੋਂ ਮਗਰੋਂ ਇਹ 30 ਦਸੰਬਰ 1994 ਤੱਕ ਪੂਰਾ ਕੀਤਾ ਜਾ ਸਕਿਆ। ਇਸ ਤੋਂ ਪਿੱਛੋਂ ਲਗਾਤਾਰ ਕਾਂਟ ਛਾਂਟ ਕਰਦੇ ਰਹਿਣ ਤੋਂ ਪਿੱਛੋਂ, ਇਸ ਨੂੰ ਹਥਲੇ ਰੂਪ ਵਿੱਚ ਪਾਠਕਾਂ ਨੂੰ ਭੇਂਟ ਕਰ ਰਿਹਾ ਹਾਂ।

ਇੱਥੇ ਇਸ ਦੇ ਲਿਖਣ ਸਮੇਂ, ਮੇਰੇ ਉਪਰੇਸ਼ਨ ਹੋਣ ਤੋਂ ਦੋ ਦਿਨ ਪਹਿਲਾਂ ਮੇਰੇ ਇੱਕ ਪੁਰਾਣੇ ਦੋਸਤ ਨੂੰ ਮਿਲਣ ਦਾ ਸੰਯੋਗ ਬਣਿਆ। ਉਹ ਕੈਨੇਡਾ ਦੇ ਦੌਰੇ ਉੱਪਰ ਧਰਮ ਪ੍ਰਚਾਰ ਕਰਨ ਅਤੇ ਧਰਮਸਥਾਨ ਦੀ ਉਸਾਰੀ ਲਈ ਫੰਡ ਇਕੱਠਾ ਕਰਨ ਆਇਆ ਸੀ। ਮੇਰੇ ਇੱਕ ਦੋਸਤ ਕੋਲ ਉਸਨੇ ਕਿਆਸ ਕੀਤਾ ਹੋਇਆ ਸੀ। ਉਸ ਦੋਸਤ ਨੇ ਮੈਨੂੰ ਫੋਨ ਤੇ ਕਿਹਾ ਕਿ ਤੁਹਾਡਾ ਇੱਕ ਪੁਰਾਣਾ ਮਿੱਤਰ ਮਿਲਣਾ ਚਾਹੁੰਦਾ ਹੈ ਭਾਵੇਂ ਕਿ ਤੁਹਾਡੇ ਹੁਣ ਵਿਚਾਰ ਉਹਨਾਂ ਦੇ ਨਾਲ ਮੇਲ ਨਹੀਂ ਖਾਂਦੇ।

ਖ਼ੈਰ ਮੈਂ ਉਸਨੂੰ ਮਿਲਣ ਗਿਆ। ਉਸਨੂੰ ਅਜੋਕੇ ਵਿਗਿਆਨ ਦੀਆਂ ਪ੍ਰਾਪਤੀਆਂ ਬਾਰੇ ਦਸਦਿਆਂ, ਮੇਰੇ ਹੋਣ ਵਾਲੇ ਉਪਰੇਸ਼ਨ ਬਾਰੇ ਦੱਸਿਆ ਕਿ ਉਪਰੇਸ਼ਨ ਹੁਣ ਕਿਸੇ ਡਰ ਵਾਲੀ ਗੱਲ ਨਹੀਂ ਰਹੀ। ਮਨੁੱਖੀ ਗਿਆਨ ਨੇ ਸਰੀਰ ਦੀ ਮੁਰੰਮਤ ਮਸ਼ੀਨਾਂ ਵਾਂਗ ਹੀ ਕਰਨ ਵਿੱਚ ਮੁਹਾਰਤ ਹਾਸਿਲ ਕਰ ਲਈ ਹੈ। ਉਹ ਮੇਰੀਆਂ ਸਾਰੀਆਂ ਗੱਲਾਂ ਧਿਆਨ ਨਾਲ ਜ਼ਰੂਰ ਸੁਣਦਾ ਰਿਹਾ, ਪ੍ਰੰਤੂ ਉਹ ਆਪਦੀ ਗੱਲ ਵੀ ਮੇਰੇ ਨਾਲ ਹੀ ਕਰਨੀ ਚਾਹੁੰਦਾ ਸੀ। ਉਸਨੇ ਵਿੱਚੋਂ ਗੱਲ ਦਾ ਰੁਖ ਬਦਲਣ ਲਈ ਕਿਹਾ, "ਅੱਛਾ ਤੁਹਾਡੀਆਂ ਇਹ ਸਾਰੀਆਂ ਸਾਇੰਸ ਦੀਆਂ ਪ੍ਰਾਪਤੀਆਂ। ਬਾਰੇ ਗੱਲਾਂ ਤਾਂ ਸੁਣ ਲਈਆਂ ਹਨ। ਹੁਣ ਆਪਾਂ ਹੋਰ ਗੱਲ ਕਰੀਏ।" ਉਸਨੇ ਮੈਨੂੰ ਪੁੱਛਿਆ, "ਕੀ ਤੁਸੀਂ ਮੰਨਦੇ ਹੋ ਕਿ ਰੱਬ ਦੀ ਹੋਂਦ ਹੈ ?" ਮੈਂ ਉਸਨੂੰ ਇੱਕ ਮਹਿਮਾਨ ਵਜੋਂ ਸਮਝਦਾ ਸੀ ਨਹੀਂ ਚਾਹੁੰਦਾ ਸੀ ਕੋਈ ਅਜਿਹੀ ਸ਼ਬਦਾਵਲੀ ਵਰਤਾਂ ਜਿਸ ਨਾਲ ਉਸਦਾ ਮਨ ਦੁਖੇ। ਇਸ ਲਈ ਮੈਂ ਉਸ ਦੇ ਸਵਾਲ ਨੂੰ ਥੋੜ੍ਹਾ ਜਿਹਾ ਟੇਢਾ ਕਰਦਿਆਂ ਉੱਤਰ ਦਿੱਤਾ, "ਗੱਲ ਇਹ ਹੈ ਕਿ ਇਹ ਸੰਸਾਰ, ਇਸ ਦੀ ਕੁੱਲ ਬਨਸਪਤੀ, ਜੀਵ-ਜੰਤੂ, ਮਨੁੱਖ, ਡੰਗਰ, ਜਾਨਵਰ, ਪਹਾੜ, ਦਰਿਆ, ਝੀਲਾਂ, ਚੰਦ, ਸੂਰਜ ਤੇ ਹੋਰ ਅਨੰਤ ਬ੍ਰਹਿਮੰਡ ਹੀ ਕੁਦਰਤ ਹੈ। ਇਸ ਨੂੰ 'ਨੇਚਰ' ਜਾਂ ਪ੍ਰਕਿਰਤੀ ਕਹਿ ਦਿੰਦੇ ਹਾਂ। ਧਰਮ ਵਿੱਚ ਵਿਸ਼ਵਾਸ ਵਾਲੇ ਇਸਨੂੰ ਰੱਬ ਦਾ ਰੂਪ ਜਾਂ ਰੱਬ ਦੀ ਕੁਦਰਤ ਕਹਿ ਦਿੰਦੇ ਹਨ। 'ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨਾ ਜਾਇ ਲਿੱਖਿਆ।' 'ਗਗਨ ਮੈ ਥਾਲ' ਆਦਿ ਗੁਰਬਾਣੀ ਦੇ ਸ਼ਬਦ ਇਹੋ ਹੀ ਵਿਚਾਰ ਪੇਸ਼ ਕਰਦੇ ਹਨ। ਪ੍ਰੰਤੂ ਉਸਨੇ ਕਿਹਾ, "ਜੇ ਇਹ ਸਭ ਰੱਬ ਦਾ ਰੂਪ ਹੈ ਤੇ ਰੱਬ ਹੈ ਜਾਂ ਰੱਬ ਦੀ ਰਚਨਾ ਹੈ ਤਾਂ ਇਸ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ।" ਮੈਂ ਕਿਹਾ, "ਜੇਕਰ

ਤੁਸੀਂ ਵਿਸ਼ਵਾਸ ਕਰਦੇ ਹੋ ਜਾਂ ਕੋਈ ਹੋਰ ਵਿਸ਼ਵਾਸ ਨਹੀਂ ਕਰਦਾ ਤਾਂ ਇਸ ਨਾਲ ਕੁਦਰਤ ਨੂੰ ਕੋਈ ਫਰਕ ਨਹੀਂ ਪੈਂਦਾ। ਇਹ ਤਾਂ ਸਦੀਵੀ ਹੈ ਪ੍ਰੰਤੂ ਆਪਣਾ ਰੂਪ ਲਗਾਤਾਰ ਬਦਲਦੀ ਹੈ ਤੇ ਇੰਝ ਰੂਪ ਵਿੱਚ ਇਹ ਸਦੀਵ ਰਹਿਣ ਵਾਲੀ ਨਹੀਂ ਹੈ। ਨੌਵੇਂ ਮਹੱਲੇ ਦੇ ਸ਼ਬਦਾਂ ਵਿੱਚ ਹੈ "ਇਸ ਮਾਰਗ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ।" ਉਸਨੇ ਫਿਰ ਕਿਹਾ ਕਿ ਸਾਡਾ ਮਨੁੱਖ ਜਾਤੀ ਦਾ ਇਸ ਵਿੱਚ ਹੀ ਕਲਿਆਣ ਹੈ ਕਿ ਜੋ ਸਾਨੂੰ ਉਸ ਪ੍ਰਮਾਤਮਾ ਨੇ ਮਨੁੱਖੀ ਰੂਪ ਦਿੱਤਾ ਹੈ ਤੇ ਸਾਰੇ ਜੀਆਂ ਜੰਤਾਂ ਤੋਂ ਉੱਪਰ ਬਣਾਇਆ ਹੈ। ਇਸ ਲਈ ਸਾਨੂੰ ਉਸ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਤੇ ਉਸ ਦੀ ਸਿਫਤ-ਸਲਾਹ ਵਿੱਚ ਸਿਮਰਨ ਕਰਨਾ ਚਾਹੀਦਾ ਹੈ।" ਮੈਂ ਕਿਹਾ ਜੇ ਕਿਸੇ ਨੂੰ ਇਸ ਤਰ੍ਹਾਂ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਤਾਂ ਉਸਨੂੰ ਇਸ ਤਰ੍ਹਾਂ ਜ਼ਰੂਰ ਕਰਨਾ ਚਾਹੀਦਾ ਹੈ।" ਉਸਨੂੰ ਹੋਰ ਕੁਝ ਨਾ ਔੜਦਾ ਹੋਣ ਕਾਰਨ ਉਸਨੇ ਮੈਨੂੰ ਡਰਾਉਣ ਲਈ ਜਾਂ ਮੇਰੇ ਉਪਰ ਮਨੋਵਿਗਿਆਨਕ ਹਮਲਾ ਕਰਨ ਲਈ, ਮੇਰੇ ਦੋ ਦਿਨਾਂ ਨੂੰ ਹੋਣ ਵਾਲੇ ਦਿਲ ਦੇ ਉਪਰੇਸ਼ਨ ਨੂੰ ਧਿਆਨ ਵਿੱਚ ਰੱਖਦਿਆਂ, ਬੜੀ ਗੰਭੀਰ ਸੁਰ ਵਿੱਚ ਕਿਹਾ ਕਿ 'ਪ੍ਰਮਾਤਮਾ ਤੋਂ ਮੁਨਕਰ ਹੋ ਕੇ ਪਛਤਾਉਣਾ ਪੈਂਦਾ ਹੈ ਤੇ ਫਿਰ ਮਗਰੋਂ ਕੁੱਝ ਹੱਥ ਨਹੀਂ ਆਉਂਦਾ।" ਮੈਂ ਉਸ ਦੀ ਗੱਲ ਸਮਝਦਿਆਂ ਕਿਹਾ, "ਆਪੋ ਆਪਣੇ ਵਿਸ਼ਵਾਸ ਨਾਲ ਹੀ ਹਰ ਇੱਕ ਨੂੰ ਤਸੱਲੀ ਹੁੰਦੀ ਹੈ। ਮੇਰੇ ਵਿਸ਼ਵਾਸ ਤੁਹਾਨੂੰ ਅਤੇ ਤੁਹਾਡੇ ਵਿਸ਼ਵਾਸ ਮੈਨੂੰ ਤਸੱਲੀ ਨਹੀਂ ਦੁਆ ਸਕਦੇ।" ਮੈਂ ਗੱਲ ਖ਼ਤਮ ਕਰਦਿਆਂ ਪੁੱਛਿਆ, "ਅੱਛਾ ਦੱਸੋ ਹੋਰ ਕਿੰਨੇ ਕੁ ਦਿਨ ਠਹਿਰਨਾ ਹੈ ?" ਉਸਨੇ ਕਿਹਾ, "ਦੋ ਦਿਨ ਹੋਰ ਇੱਥੇ ਹਾਂ।" ਤੇ ਮੈਂ ਉਠਦਿਆਂ ਕਿਹਾ, "ਚੰਗਾ ਫਿਰ ਤੇ ਦੇਸ਼ ਹੀ ਮਿਲਾਂਗੇ।" ਇਹ ਕਹਿ ਮੈਂ ਸਤਿ ਸ਼੍ਰੀ ਅਕਾਲ ਆਖ ਕੇ ਉਸ ਤੋਂ ਰੁਖ਼ਸਤ ਹੋਇਆ।

ਰਾਹ ਵਿੱਚ ਜਾਂਦਿਆਂ ਮੈਂ ਸੋਚਿਆ ਕਿ ਇਹ ਲੋਕ, ਆਮ ਲੋਕਾਂ ਦੀ ਅਗਿਆਨਤਾ ਅਤੇ ਆਰਥਿਕ ਮਜ਼ਬੂਰੀਆਂ ਤੇ ਕਮਜ਼ੋਰੀਆਂ ਦਾ ਲਾਭ ਉਠਾ ਕੇ ਉਹਨਾਂ ਨੂੰ ਸਮਾਜ ਦੀਆਂ ਲੁਟੇਰੀਆਂ ਸ਼ਕਤੀਆਂ ਵਿਰੁੱਧ ਖੜ੍ਹੇ ਹੋਣ ਤੋਂ ਰੋਕਣ ਲਈ, ਉਹਨਾਂ ਦੇ ਮਨਾਂ ਨੂੰ ਕਮਜ਼ੋਰ ਕਰ ਦਿੰਦੇ ਹਨ ਅਤੇ ਉਹਨਾਂ ਦੀ ਗਰੀਬੀ, ਬਿਮਾਰੀ ਅਤੇ ਕਮਜ਼ੋਰੀ ਨੂੰ ਪਿਛਲੇ ਜਨਮਾਂ ਨਾਲ ਨੂੜ ਦਿੰਦੇ ਹਨ ਤੇ ਪ੍ਰਭੂ ਦਾ ਸਿਮਰਨ ਕਰਕੇ ਅਗਲੇ ਜਨਮ ਨੂੰ ਸੰਵਾਰਨ ਦੀ ਸਲਾਹ ਦਿੰਦੇ ਹਨ ਤੇ ਲੋਕ ਇਹ ਸਲਾਹ ਮੰਨ ਲੈਂਦੇ ਹਨ ਤੇ ਜੀਵਨ ਭਰ ਦੁਖੀ ਹੋਈ ਜਾਂਦੇ ਹਨ।

ਮਿਤੀ : 21 ਅਕਤੂਬਰ 98



# ਮੈਂ ਨਾਸਤਿਕ ਕਿਉਂ ਹਾਂ ?
# ਦੀ ਸਿਰਜਣਾ ਦੇ ਸੰਦਰਭ ਵਿੱਚੋਂ

ਇਹ ਕੁਦਰਤੀ ਹੈ ਕਿ ਜਿਹੋ ਜਿਹੇ ਪਰਵਾਰ ਦੇ ਧਾਰਮਿਕ ਵਿਚਾਰ ਹੁੰਦੇ ਹਨ, ਬੱਚਿਆਂ ਦੇ ਵੀ ਉਸੇ ਤਰ੍ਹਾਂ ਦੇ ਹੀ ਬਣ ਜਾਂਦੇ ਹਨ। ਪ੍ਰੰਤੂ ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਉਹ ਸਕੂਲ, ਸਮਾਜ ਅਤੇ ਪੁਸਤਕਾਂ ਤੋਂ ਵੀ ਗਿਆਨ ਪ੍ਰਾਪਤ ਕਰਦਾ ਹੈ। ਫਿਰ ਵਿਰਲਾ ਕੋਈ ਹੀ ਹੁੰਦਾ ਹੈ ਜੋ ਪਰਵਾਰ ਦੇ ਧਾਰਮਿਕ ਵਿਚਾਰਾਂ ਨੂੰ ਤਿਆਗ ਕੇ ਕਿਸੇ ਹੋਰ ਧਰਮ ਦੇ ਵਿਚਾਰਾਂ ਨੂੰ ਜਾਂ ਨਾਸਤਿਕਤਾ ਦੇ ਵਿਚਾਰਾਂ ਨੂੰ ਗ੍ਰਹਿਣ ਕਰਦਾ ਹੈ। ਨਾਸਤਿਕਾਂ ਵਿੱਚ ਵੀ ਕਈ ਵਾਰ ਢੁੱਚਰਵਾਜ਼ ਹੁੰਦੇ ਹਨ ਪ੍ਰੰਤੂ ਫਿਰ ਵੀ ਉਹਨਾਂ ਵਿੱਚੋਂ ਵਿਰਲਾ ਕੋਈ ਵਿਗਿਆਨਕ ਦ੍ਰਿਸ਼ਟੀ ਦੇ ਨਾਲ ਆਸਤਿਕਤਾ ਤੋਂ ਕਿਨਾਰਾਕਸ਼ੀ ਕਰਦਾ ਹੈ।

ਸ. ਭਗਤ ਸਿੰਘ ਦਾ ਪਰਵਾਰ ਆਰੀਆ ਸਮਾਜੀ ਵਿਚਾਰਾਂ ਦਾ ਸੀ। ਉਹ ਵੀ ਲਾਹੌਰ ਆਰੀਆ ਸਕੂਲ ਵਿੱਚ ਪੜ੍ਹਨ ਸਮੇਂ ਵੈਦਿਕ ਕਰਮਕਾਂਡ ਅਨੁਸਾਰ ਪਾਠ ਪੂਜਾ ਕਰਿਆ ਕਰਦੇ ਸਨ। ਬਹੁਤ ਸਾਰੀਆਂ ਵਿਗਿਆਨਕ ਪੁਸਤਕਾਂ ਦਾ ਅਧਿਐਨ ਕਰਨ ਅਤੇ ਸਮਾਜ ਦੀ ਸ਼੍ਰੇਣੀਆਂ ਵਿੱਚ ਵੰਡ ਨੂੰ ਦੇਖ ਸਮਝ ਕੇ ਉਹਨਾਂ ਦੇ ਮਨ ਵਿੱਚ ਅਨੇਕਾਂ ਵਿਚਾਰ ਪੈਦਾ ਹੋਏ। ਜਿਸ ਨਾਲ ਉਹ ਲਗਾਤਾਰ ਆਪਣੇ ਵਿਚਾਰ ਬਦਲਦਿਆਂ ਬਦਲਦਿਆਂ ਉਹ ਨਾਸਤਿਕਤਾ ਦੇ ਵਿਚਾਰਾਂ ਨਾਲ ਤਰਕ ਸੰਗਤ ਸਹਿਮਤ ਹੋ ਗਏ।

ਨਾਸਤਿਕਤਾ ਦੀ ਵਿਗਿਆਨਕ ਸੋਚ ਨੇ, ਉਹਨਾਂ ਨੂੰ ਦੇਸ਼ ਦੀ ਸੁਤੰਤਰਤਾ ਲਈ, ਕੌਮੀ ਰਾਜਨੀਤਕ ਲਹਿਰ ਤੋਂ ਵੱਖਰਾ ਰਾਹ ਲੱਭਣ ਲਈ ਸਹਾਇਤਾ ਕੀਤੀ। ਉਹ ਦੇਸ਼ ਦੀ ਸੁਤੰਤਰਤਾ ਨੂੰ ਬਦੇਸ਼ੀਆਂ ਦੀ ਥਾਂ ਉੱਪਰ ਕੌਮੀ ਲੋਕਾਂ ਦੀ ਸਰਕਾਰ ਵਿੱਚ ਹੀ ਬਦਲਿਆ ਨਹੀਂ ਦੇਖਣਾ ਚਾਹੁੰਦੇ ਸਨ, ਸਗੋਂ ਦੇਸ਼ ਦੇ ਕਰੋੜਾਂ ਗਰੀਬਾਂ ਤੇ ਪਛੜਿਆਂ ਲੋਕਾਂ ਦੇ ਜੀਵਨ ਵਿੱਚ ਆਰਥਿਕ ਸੁਤੰਤਰਤਾ ਅਤੇ ਸਮਾਜੀ ਬਰਾਬਰਤਾ ਲਿਆਉਣਾ ਚਾਹੁੰਦੇ ਸਨ। ਉਹ ਅਜਿਹਾ ਸਮਾਜੀ ਪ੍ਰਬੰਧ ਸਥਾਪਤ ਕਰਨਾ ਚਾਹੁੰਦੇ ਸਨ ਜਿਸ ਨਾਲ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਅੰਤ ਹੋਵੇ।

ਆਪਣੀ ਨਵੇਕਲੀ ਵਿਗਿਆਨਕ ਸੋਚ ਨੂੰ ਰਾਜਨੀਤਕ ਰੂਪ ਵਿੱਚ ਪ੍ਰਗਟ ਕਰਨ ਲਈ ਉਹਨਾਂ ਆਪਣੇ ਸਾਥੀਆਂ ਨਾਲ ਮਿਲ ਕੇ 'ਹਿੰਦੁਸਤਾਨੀ ਸੋਸ਼ਲਿਟ ਰੀਪਬਲਕਨ ਐਸੋਸੀਏਸ਼ਨ' ਨਾਂ ਦੀ ਸੰਸਥਾ ਸਥਾਪਤ ਕੀਤੀ। ਇਹ ਭਾਵੇਂ ਕਾਂਗਰਸ ਅਤੇ ਹੋਰਨਾਂ ਰਾਜਨੀਤਕ ਪਾਰਟੀਆਂ ਨਾਲੋਂ ਬੜੀ ਛੋਟੀ ਸੀ ਪ੍ਰੰਤੂ ਇਸ ਦੇ ਰਾਜਨੀਤਕ ਪ੍ਰੋਗਰਾਮ ਨੇ ਅੰਗਰੇਜ਼ ਸਾਮਰਾਜ ਅਤੇ ਕੌਮੀ ਪਾਰਟੀਆਂ ਦੇ ਆਗੂਆਂ, ਮਹਾਤਮਾ ਗਾਂਧੀ ਆਦਿ ਨੂੰ ਇੱਕ ਚੈਲੰਜ ਖੜ੍ਹਾ ਕਰ ਦਿੱਤਾ ਸੀ। ਅਸੰਬਲੀ ਵਿੱਚ ਬੰਬ ਸੁੱਟਣ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨੇ, ਸ. ਭਗਤ ਸਿੰਘ ਦਾ ਤੇ ਉਹਨਾਂ ਦੀ ਪਾਰਟੀ ਦਾ ਨਾਂ ਦੇਸ਼ ਦੇ ਕੋਨੇ ਕੋਨੇ ਵਿੱਚ ਪਹੁੰਚਾ ਦਿੱਤਾ ਸੀ। ਖ਼ਾਸ ਕਰਕੇ ਦੇਸ਼ ਦੇ ਨੌਜੁਆਨਾਂ ਨੂੰ ਆਪਣੇ ਵੱਲ ਖਿੱਚ ਲਿਆ ਸੀ। ਉਹਨਾਂ ਦੀ ਵਿਚਾਰਧਾਰਾ ਦਾ ਸਾਮਰਾਜੀਆਂ ਅਤੇ ਭਾਰਤ ਦੀ ਪੂੰਜੀਵਾਦੀ ਸਾਮੰਤੀ ਜਮਾਤਾਂ ਦੇ ਵਿਰੁੱਧ ਹੋਣ ਦੇ ਕਾਰਨ, ਇਸ ਦੀ ਟੱਕਰ ਅਟੱਲ ਸੀ। ਇਸ ਲਈ ਇਹ ਸੰਭਵ ਨਹੀਂ ਸੀ ਕਾਂਗਰਸ ਜਾਂ ਮੁਸਲਮ ਲੀਗ ਨਾਲ ਸ. ਭਗਤ ਸਿੰਘ ਤੇ ਇਨ੍ਹਾਂ ਦੀ ਪਾਰਟੀ ਦਾ ਕਿਸੇ ਨੁਕਤੇ ਉੱਪਰ ਜਾ ਕੇ ਮਿਲਵਰਤਣ ਹੋ ਸਕਦਾ।

ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸਾਂਡਰਸ ਕਤਲ ਕੇਸ ਵਿੱਚ ਗ੍ਰਿਫਤਾਰੀ ਅਤੇ ਫਿਰ ਫਾਂਸੀ ਦੀ ਸਜ਼ਾ ਲਈ ਕਾਂਗਰਸ ਪਾਰਟੀ ਤੇ ਉਸ ਦੇ ਆਗੂਆਂ ਨੇ ਕੋਈ ਸੰਜੀਦਾ ਯਤਨ ਨਹੀਂ ਕੀਤਾ। ਫਿਰ ਗਾਂਧੀ ਜੀ ਦਾ ਅਹਿੰਸਾ ਨੂੰ ਹੀ ਪਰਮ ਧਰਮ ਸਮਝਣਾ, ਉਹਨਾਂ ਲਈ ਸ. ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਰਿਹਾਈ ਲਈ ਪ੍ਰਗਟ ਰੂਪ ਵਿੱਚ ਕੋਈ ਸਕਰਮਕ ਯਤਨ ਕਰਨ ਤੋਂ ਰੋਕਦਾ ਸੀ। ਸ. ਭਗਤ ਸਿੰਘ ਵੀ ਨਹੀਂ ਚਾਹੁੰਦੇ ਸਨ ਕਿ ਕੋਈ ਉਹਨਾਂ ਲਈ ਰਹਿਮ ਦੀ ਅਪੀਲ ਕਰੇ।

## ਮੈਂ ਨਾਸਤਿਕ ਕਿਉਂ ਹਾਂ? ਲਿਖਣ ਦਾ ਸੰਯੋਗ

ਲਾਹੌਰ ਜ਼ੇਲ੍ਹ ਵਿੱਚ ਠਹਿਰਨ ਦੌਰਾਨ ਸ. ਭਗਤ ਸਿੰਘ ਨੇ ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਵਿਗਿਆਨਕ ਅਤੇ ਰਾਜਨੀਤਕ ਪੁਸਤਕਾਂ ਦਾ ਅਧਿਐਨ ਕੀਤਾ। ਉਹਨਾਂ ਦੇ ਇਸ ਅਭਿਆਸ ਨੇ ਉਹਨਾ ਦੇ ਵਿਚਾਰਾਂ ਦੀ ਸਗੋਂ ਪੁਸ਼ਟੀ ਕਰ ਦਿੱਤੀ। ਉਹਨਾਂ ਨੇ ਵਿਗਿਆਨਕ ਸਮਾਜਵਾਦ ਬਾਰੇ ਸਾਹਿਤ ਪੜ੍ਹਦਿਆਂ ਅਤੇ ਮਿਹਨਤਕਸ਼ਾਂ ਦੀ ਪਾਰਟੀ ਅਤੇ ਉਹਨਾਂ ਦੀ ਪੱਕੀ ਏਕਤਾ ਉਸਾਰਨ ਨਾਲ ਹੀ ਸਮਾਜਵਾਦ ਦੀ ਪ੍ਰਾਪਤੀ ਵਿੱਚ ਸਫ਼ਲਤਾ ਬਾਰੇ ਗਿਆਨ ਵੀ ਜ਼ੇਲ੍ਹ ਵਿੱਚ ਹੀ ਪ੍ਰਾਪਤ ਕੀਤਾ। ਏਸੇ ਲਈ ਉਹਨਾਂ ਨੇ ਵਿਅਕਤੀਗਤ ਹਿੰਸਾ ਦੇ ਆਪਣੇ ਵਿਚਾਰਾਂ ਨੂੰ ਮੁੱਢੋਂ ਹੀ ਬਦਲ ਦਿੱਤਾ। ਉਹਨਾਂ ਜ਼ੇਲ੍ਹ ਵਿੱਚੋਂ ਹਿੰਦੁਸਤਾਨੀ ਨੌਂਜੁਆਨ ਸਭਾ ਨੂੰ ਭੇਜੇ ਇੱਕ ਸੁਨੇਹੇ ਵਿੱਚ ਲਿਖਿਆ ਕਿ ਉਹਨਾਂ ਵਿਅਕਤੀਗਤ ਹਿੰਸਾ ਦੀ ਗ਼ਲਤੀ ਦਾ ਪੂਰਾ ਅਹਿਸਾਸ ਕਰ ਲਿਆ ਸੀ। ਫਿਰ ਅੰਗਰੇਜ਼ ਸਾਮਰਾਜ, ਉਹਨਾਂ ਦੇ ਸਮਾਜਵਾਦੀ ਵਿਚਾਰਾਂ ਤੋਂ ਘਬਰਾਉਂਦੇ ਹੋਏ, ਉਹਨਾਂ ਦੀ ਫਾਂਸੀ ਦੀ ਸਜ਼ਾ ਨੂੰ ਅਮਲ ਵਿੱਚ ਲਿਆਉਣਾ ਹੀ ਚਾਹੁੰਦੇ ਸਨ।

ਮੈਂ ਨਾਸਤਿਕ ਕਿਉਂ ਹਾਂ ? ਲਿਖਣ ਦਾ ਸੰਯੋਗ ਕਿਵੇਂ ਬਣਿਆ। ਇਸ ਬਾਰੇ ਉਹਨਾਂ ਆਪ ਕੁਝ ਵੀ ਸਪਸ਼ਟ ਰੂਪ ਵਿੱਚ ਨਹੀਂ ਲਿਖਿਆ। ਫਿਰ ਵੀ ਉਹਨਾ ਦੀ ਇਸ ਲਿਖਤ ਤੋਂ ਸੰਕੇਤ ਜ਼ਰੂਰ ਮਿਲਦੇ ਹਨ। ਇਸ ਗੱਲ ਦਾ ਪਿੱਛੋਂ ਪਤਾ ਲੱਗਾ ਕਿ ਬਬਰ ਲਹਿਰ ਦੇ ਪ੍ਰਸਿੱਧ ਦੇਸ਼ ਭਗਤ ਸੰਤ ਰਣਧੀਰ ਸਿੰਘ ਜੀ ਨਾਲ ਉਹਨਾ ਦੀ ਇੱਕ ਮੁਲਾਕਾਤ ਹੋਈ ਸੀ। ਜਿਸ ਵਿੱਚ ਸੰਤ ਜੀ ਉਹਨਾਂ ਨੂੰ ਰੱਬ ਉੱਪਰ ਵਿਸ਼ਵਾਸ ਲਿਆਉਣ ਲਈ ਪ੍ਰੇਰਨ ਵਿੱਚ ਅਸਫ਼ਲ ਰਹੇ ਸਨ। ਉਹਨਾ ਜਾਂਦੇ ਹੋਇਆਂ ਸ. ਭਗਤ ਸਿੰਘ ਨੂੰ ਕਿਹਾ ਕਿ ਅਸਲ ਵਿੱਚ ਤੂੰ ਘਮੰਡੀ ਹੈਂ ਜੋ ਰੱਬ ਉੱਪਰ ਯਕੀਨ ਲਿਆਉਣ ਲਈ ਰਜ਼ਾਮੰਦ ਨਹੀਂ ਹੋ ਰਿਹਾ। ਸ. ਭਗਤ ਸਿੰਘ ਨੂੰ ਇਸ ਗੱਲ ਦਾ ਦੁੱਖ ਹੋਇਆ।

ਸ. ਭਗਤ ਸਿੰਘ ਨੇ ਆਪਣੀ ਇਹ ਰਚਨਾ ਏਸੇ ਨੁਕਤੇ ਤੋਂ ਲਿਖਣੀ ਆਰੰਭ ਕੀਤੀ ਕਿ ਕੀ ਉਹ ਸੱਚ ਮੁੱਚ ਘਮੰਡੀ ਹੈ ਵੀ ? ਉਹਨਾਂ ਨੂੰ ਇਸ ਸ਼ਬਦ ਦੇ ਭਾਵ ਅਰਥਾਂ ਤੱਕ ਪਹੁੰਚਣ ਲਈ ਅਤੇ ਇਸ ਸ਼ਬਦ ਨੇ ਨਾਸਤਿਕਤਾ ਨਾਲ ਕੋਈ ਸੰਬੰਧ ਹੈ ਵੀ, ਬਾਰੇ ਸਪਸ਼ਟ ਕਰਨ ਲਈ ਕਾਫੀ ਵਿਸਤਾਰ ਵਿੱਚ ਜਾਣਾ ਪਿਆ। ਉਹ ਆਪਣੀ ਰਚਨਾ ਸ਼ੁਰੂ ਕਰਦੇ ਹੋਏ ਲਿਖਦੇ ਹਨ :

"ਇੱਕ ਨਵਾਂ ਸਵਾਲ ਉੱਠ ਖੜ੍ਹਾ ਹੋਇਆ ਹੈ। ਕਿ ਮੈਂ ਕਿਸੇ ਹੰਕਾਰ ਦੇ ਕਾਰਨ ਸਰਬਸ਼ਕਤੀਮਾਨ, ਸਰਬਵਿਆਪੀ ਅਤੇ ਸਰਬਗਿਆਨੀ ਈਸ਼ਵਰ ਦੀ ਹੋਂਦ ਉੱਪਰ ਵਿਸ਼ਵਾਸ ਨਹੀਂ ਕਰਦਾ ਹਾਂ ? ਮੈਂ ਕਦੀ ਇਹ ਕਲਪਨਾ ਤੱਕ ਨਹੀਂ ਕੀਤੀ ਸੀ ਕਿ ਮੈਨੂੰ ਇਸ ਸਵਾਲ ਦਾ ਸਾਹਮਣਾ ਕਰਨਾ ਪਵੇਗਾ।"



ਇਹ ਲਾਈਨਾਂ ਦੋ ਨੁਕਤਿਆਂ ਨੂੰ ਸਪਸ਼ਟ ਕਰਦੀਆਂ ਹਨ ਕਿ ਕਿਸੇ ਦਾ ਹੰਕਾਰੀ ਜਾਂ ਘਮੰਡੀ ਹੋਣ ਦਾ ਸੰਬੰਧ ਈਸ਼ਵਰ ਦੀ ਹੋਂਦ ਤੋਂ ਇਨਕਾਰ ਕਰਨ ਨਾਲ ਨਹੀਂ ਜੁੜ ਸਕਦਾ। ਉਨ੍ਹਾਂ ਦਾ ਨਾਸਤਿਕ ਹੋਣਾ, ਉਹਨਾਂ ਦੇ ਉਸ ਸਮੇਂ ਦੇ ਜੀਵਨ ਦੀ ਸਹਿਜ ਪ੍ਰਕਿਰਿਆ ਵਿੱਚੋਂ ਵਿਕਸਤ ਹੋਏ ਦ੍ਰਿਸ਼ਟੀਕੋਣ ਦਾ ਹਿੱਸਾ ਸੀ ਜਿਸ ਵਿੱਚ ਕਿਸੇ ਉਚੇਚ ਜਾਂ ਦਿਖਾਵੇ ਵਾਲੀ ਕੋਈ ਗੱਲ ਨਹੀਂ ਸੀ। ਇਸ ਵਾਸਤੇ ਉਹ ਹੈਰਾਨ ਸਨ ਕਿ ਇਹ ਸਵਾਲ ਉਹਨਾ ਦੇ ਸਰਗਰਮ ਰਾਜਸੀ ਜੀਵਨ ਦੇ ਆਖਰੀ ਸਮੇਂ ਕਿਵੇਂ ਆਣ ਖੜ੍ਹਾ ਹੋਇਆ ਹੈ। ਇਹ ਵਿਸ਼ਾ ਤਾਂ ਉਹ ਕਈ ਸਾਲ ਪਹਿਲਾਂ ਹੀ ਸਮਾਪਤ ਕਰ ਚੁੱਕੇ ਸਨ। ਉਹਨਾ ਆਪਣੇ ਵਿਚਾਰ ਮੰਥਨ ਦੁਆਰਾ ਅਤੇ ਵਿਰਸੇ ਵਿੱਚ ਮਿਲੇ ਸੰਸਕਾਰਾਂ ਤੇ ਆਸਥਾ ਨੂੰ, ਬਾਕਾਇਦਾ ਵਿਗਿਆਨਕ ਢੰਗ ਨਾਲ ਸੋਚ ਸਮਝ ਕੇ ਤਿਆਗ ਦਿੱਤਾ ਸੀ, ਨਿਸ਼ਚੇ ਹੀ ਇਹ ਕੋਈ ਸਰਲ ਕਾਰਜ ਨਹੀ. ਸੀ ਵਿਚਾਰਾਂ ਦੀ ਸੋਚ ਸਮਝ ਹੋਈ ਜਾਂ ਕੀਤੀ ਤਬਦੀਲੀ ਦੀ ਪ੍ਰਕਿਰਿਆ ਬੜੀ ਗੁੰਝਲਦਾਰ ਹੁੰਦੀ ਹੈ।

ਜੇਕਰ ਸਹੀ ਅਰਥਾਂ ਵਿੱਚ ਵਿਗਿਆਨਕ ਵਿਚਾਰਧਾਰਾ ਨੂੰ ਗ੍ਰਹਿਣ ਕਰਨਾ ਹੋਵੇ ਤਾਂ ਵਿਚਾਰਧਾਰਕ ਅਧਿਐਨ ਨੂੰ ਬਾਹਰੀ ਜੀਵਨ ਦੀਆਂ ਨਿੱਕੀਆਂ ਤੋਂ ਵੱਡੀਆਂ ਘਟਨਾਵਾਂ ਨਾਲ ਜੋੜ ਕੇ ਅਧਿਐਨ ਕਰਨਾ ਹੁੰਦਾ ਹੈ। ਫਿਰ ਵੀ ਇਸ ਨੂੰ ਇੰਨਵਿੰਨ ਸ਼ਬਦਾਂ ਵਿੱਚ ਵਿਅਕਤ ਕਰਨਾ ਕਠਨ ਹੈ। ਕਿਸੇ ਦੇ ਕਹੇ-ਸੁਣੇ ਚੰਦ ਢੁੱਚਰੀ ਗੱਲਾਂ, ਬਦਲਦੇ ਫੈਸ਼ਨ ਵਾਂਗੂੰ, ਆਸਤਿਕਤਾ ਦੇ ਵਿਚਾਰਾਂ ਦੀ ਜਕੜ ਵਿੱਚੋਂ ਮੁਕਤ ਨਹੀਂ ਕਰ ਸਕਦੀਆਂ। ਇਸ ਦੇ ਲਈ ਸਰਿਸ਼ਟੀ ਦੀ ਹੋਂਦ, ਪਦਾਰਥਾਂ ਦੀ ਬਣਤਰ ਤੇ ਵਿਕਾਸ, ਜੀਵ ਨਿੰਮਣ ਤੇ ਵਿਕਸਤ ਹੋਣ ਜੀਵ ਵਿਗਿਆਨ, ਕੀੜੇ-ਪਤੰਗੇ, ਬਨਸਪਤੀ ਬਾਰੇ ਰੌਚਿਕ ਵਿਸਤਾਰ, ਭੂਗੋਲ ਆਦਿ ਦੀ ਜਾਣਕਾਰੀ ਦੇ ਨਾਲ ਫ਼ਲਸਫ਼ਾ ਤੇ ਸਰਿਸ਼ਟੀ ਦੇ ਸਹਿਜ ਵਿਕਾਸ ਦੁਆਰਾ ਵਿਕਸਿਤ ਹੋਣ ਤੋਂ ਅੱਜ ਤੱਕ ਪੁੱਜਣ ਦੀ ਕਥਾ ਸੁਣਾਉਂਦੇ ਸੰਬੰਧਿਤ ਸਾਹਿਤ ਦਾ ਪੜ੍ਹਨਾ, ਸਮਝਣਾ ਤੇ ਗ੍ਰਹਿਣ ਕਰਨਾ ਜ਼ਰੂਰੀ ਹੈ।

ਸ. ਭਗਤ ਸਿੰਘ ਨੇ ਆਪਣੇ ਨਾਸਤਿਕਤਾ ਭਾਵ ਪਦਾਰਥਵਾਦੀ ਵਿਚਾਰਾਂ ਨੂੰ ਕਿਸੇ ਧਰਮ ਦਾ ਅਪਮਾਨ ਕਰਨ ਲਈ ਗ੍ਰਹਿਣ ਨਹੀਂ ਕੀਤਾ ਸੀ। ਨਾਸਤਿਕਤਾ ਦੇ ਵਿਚਾਰ ਸਮਾਜ ਵਿੱਚ ਦੀਆਂ ਹਨ੍ਹੇਰ ਵਿਰਤੀਆਂ ਤੇ ਪਛੜੇਪਨ ਤੇ ਲੋਕਾਂ ਦੇ ਅੰਧ ਵਿਸ਼ਵਾਸਾਂ ਨੂੰ ਸਮਝਣ ਲਈ, ਇਨਕਲਾਬੀ ਲੋਕਾਂ ਲਈ ਸਮਝਣੇ ਬੜੇ ਜ਼ਰੂਰੀ ਹਨ। ਕਿਉਂਕਿ ਇਹਨਾਂ ਵਿਚਾਰਾਂ ਦੀ ਅਣਹੋਂਦ ਕਈ ਕਮਜ਼ੋਰੀਆਂ ਪੈਦਾ ਕਰਦੀ ਹੈ ਤੇ ਉਦੇਸ਼ਾਂ ਦੀ ਪ੍ਰਾਪਤੀ ਦੇ ਨਿਸ਼ਾਨੇ ਤੋਂ ਪਾਸੇ ਲਿਜਾ ਸਕਦੀ ਹੈ। ਇੱਥੇ ਭਾਈ ਰਣਧੀਰ ਸਿੰਘ ਦੀ ਹੀ ਉਦਾਹਰਨ ਲੈ ਸਕਦੇ ਹਾਂ ਕਿ ਉਹਨਾਂ ਜ਼ੇਲ੍ਹ ਤੋਂ ਮੁਕਤ ਹੋ ਕੇ ਸੁਤੰਤਰਤਾ ਸੰਗਰਾਮ ਨੂੰ ਤਿਆਗ ਕੇ, ਪ੍ਰਭੂ ਕੀਰਤਨ ਭਗਤੀ ਵਿੱਚ ਹੀ ਆਪਣਾ ਬਾਕੀ ਜੀਵਨ ਅਰਪਨ ਕਰ ਦਿੱਤਾ ਸੀ।

ਨਾਸਤਿਕ ਵਿਚਾਰਾਂ ਦੀ ਅਣਹੋਂਦ ਸਚਾਈ, ਈਮਾਨਦਾਰੀ ਅਤੇ ਨਿਆਂ ਦੇ ਸੰਕਲਪਾਂ ਨੂੰ **ਪੂਰੇ** ਤੌਰ ਤੇ ਗ੍ਰਹਿਣ ਕਰਨ ਵਿੱਚ ਵੀ ਧੁੰਦਲਕਾ ਪੈਦਾ ਕਰਦੀ ਹੈ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਸਚਾਈ, ਈਮਾਨਦਾਰੀ ਅਤੇ ਨਿਆਂ ਦੇ ਸੰਕਲਪ ਅਮਲ ਵਿੱਚ ਲਿਆ ਕੇ ਹੀ ਵਿਗਿਆਨਕ ਵਿਚਾਰਾਂ ਦੇ ਪੁੰਗਰਨ ਲਈ ਬੁੱਧੀ ਦੀ ਧਰਾਤਲ ਨੂੰ ਹੰਬਾਰ ਕੀਤਾ ਜਾ ਸਕਦਾ ਹੈ। ਇਸ ਲਈ ਹੀ ਸ. ਭਗਤ ਸਿੰਘ ਲਈ ਇਹ ਕਿੰਨਾ ਜ਼ਰੂਰੀ ਸੀ ਕਿ ਉਹਨਾਂ ਨੂੰ ਸੰਬੋਧਿਤ 'ਘਮੰਡੀ' ਸ਼ਬਦ ਦੀ ਤੇ **ਨਾਸਤਿਕਤਾ** ਦੇ ਵਿਸ਼ਵਾਸੀ ਹੋਣ ਦੀ, ਪੂਰੀ ਡੂੰਘਾਈ ਨਾਲ ਚਰਚਾ ਕੀਤੀ ਜਾਂਦੀ। ਜੇਕਰ ਇਹ ਹਥਲੀ ਰਚਨਾ ਨਾ ਹੁੰਦੀ ਤਾਂ **'ਜੇਲ੍ਹ ਚਿੱਠੀਆਂ'**

ਵਿੱਚ ਗਿਆਨੀ ਨਾਹਰ ਸਿੰਘ ਦੀ ਲਿਖਤ ਦੇ ਕਾਰਨ ਸਹੀਦ ਭਗਤ ਸਿੰਘ ਦੀ ਦ੍ਰਿੜਤਾ ਤੇ ਸੂਰਮਤਾਈ ਦੇ ਨਾਲ ਉਹਨਾਂ ਦੀ ਰਾਜਨੀਤਿਕ ਸਮਝ ਉੱਪਰ ਨਾ ਧੋਇਆ ਜਾ ਸਕਣ ਵਾਲਾ ਧੱਬਾ ਲੱਗ ਜਾਣਾ ਸੀ। ਇਸ ਤਰ੍ਹਾਂ ਸੰਭਵ ਹੈ ਉਹਨਾਂ ਦੇ ਮਨ ਵਿੱਚ ਅਜਿਹੀ ਸ਼ੰਕਾ ਪੈਦਾ ਹੋਈ ਹੋਵੇ ਜਿਸ ਦੇ ਕਾਰਨ ਉਹਨਾ ਵਰਗੇ ਪ੍ਰਤਿਭਾਸ਼ੀਲ ਵਿਅਕਤੀ ਲਈ ਜ਼ਰੂਰੀ ਸੀ ਕਿ ਉਹ ਮਨੁੱਖੀ ਮੁੱਲਾਂ ਤੇ ਗੁਣਾਂ ਦੀ ਅੰਤਮ ਸੁਆਸਾਂ ਤੱਕ ਰਾਖੀ ਕਰੇ। ਇਹ ਉਹਨਾਂ ਦੇ ਉਸ ਜੀਵਨ ਅਮਲ ਦੇ ਵੀ ਅਨੁਕੂਲ ਸੀ ਜਿਸ ਦੇ ਲਈ ਉਹ ਸ਼ਹਾਦਤ ਦੇ ਬੂਹੇ ਤੱਕ ਪਹੁੰਚ ਗਏ ਹਨ।

ਸੰਸਾਰ ਪ੍ਰਸਿੱਧ ਦਾਰਸ਼ਨਿਕ ਸ਼ੁਕਰਾਤ ਦੇ ਜ਼ਹਿਰ ਦਾ ਪਿਆਲਾ ਪੀਣ ਤੋਂ ਪਿੱਛੋਂ, ਝੱਟ ਮਗਰੋਂ ਆਪਣੇ ਸ਼ਾਗਿਰਦਾਂ ਨੂੰ ਕਹਿਣਾ ਕਿ ਉਸਨੇ ਕਿਸੇ ਤੋਂ ਮੁਰਗਾ ਉਧਾਰ ਲਿਆ ਸੀ, ਉਸ ਦੇ ਪੈਸੇ ਅਦਾ ਕਰ ਦੇਣੇ। ਉਹਨਾਂ ਕਿਹਾ ਕਿ ਉਹ ਜ਼ਰੂਰ ਅਦਾ ਕਰ ਦੇਣਗੇ। ਇਹ ਸਚਾਈ, ਈਮਾਨਦਾਰੀ ਅਤੇ ਨਿਆਂ ਨੂੰ ਧਾਰਨ ਕਰਨ ਦੀ, ਉਸਦੀ ਅੰਤਮ ਸੁਆਸਾਂ ਤੱਕ ਰਾਖੀ ਕਰਨ ਦੀ ਉਤਮ ਉਦਾਹਰਨ ਹੈ। ਜੇਕਰ ਸ. ਭਗਤ ਸਿੰਘ, ਭਾਈ ਸਾਹਿਬ ਵੱਲੋਂ ਉਹਨਾਂ ਨੂੰ **'ਘਮੰਡੀ'** ਸ਼ਬਦ ਕਹਿਣ ਦਾ ਬੋਝ ਮਹਿਸੂਸ ਨਾ ਕਰਦੇ ਅੰਤ ਜੇਕਰ ਉਹ ਇਸ ਸ਼ਬਦ ਦਾ ਬੋਝ ਮਨ ਤੋਂ ਉਤਾਰਨ ਲਈ **'ਮੈਂ ਨਾਸਤਿਕ ਕਿਉਂ ਹਾਂ'** ਦੇ ਰੂਪ ਵਿੱਚ ਨਾ ਲਿਖਦੇ ਤਾਂ ਉਹਨਾਂ ਦੇ ਮਨ ਉੱਪਰ ਇਹ ਬੋਝ ਬਣਿਆ ਰਹਿਣਾ ਸੀ। ਉਹਨਾਂ ਨੂੰ ਇਸ 'ਘਮੰਡੀ' ਸ਼ਬਦ ਨੇ ਇਸ ਕਦਰ ਦੁਖੀ ਕੀਤਾ ਕਿ ਉਹਨਾਂ ਨੂੰ ਆਪਣੇ ਦੇਸ਼ ਭਗਤ ਜੀਵਨ ਦੀ ਸਾਰੀ ਨਿਰਸੁਆਰਥ ਘਾਲਣਾ ਅਜਾਈਂ ਰੁੜ੍ਹਦੀ ਜਾਪੀ। ਏਸੇ ਲਈ ਹੀ ਉਹਨਾਂ ਇਸ ਕਿਤਾਬਚੇ ਨੂੰ ਇਸ ਕਦਰ ਨਿੱਠ ਕੇ ਲਿਖਿਆ ਕਿ ਉਹ ਸ਼ਾਇਦ ਫਾਂਸੀ ਦੀ ਸਜ਼ਾ ਦਾ ਖਿਆਲ ਤੱਕ ਵੀ ਭੁੱਲ ਗਏ ਹੋਣਗੇ। ਭਾਈ ਸਾਹਿਬ ਨਾਲ ਉਹਨਾ ਦੀ ਮਿਲਣੀ 4 ਅਕਤੂਬਰ 1930 ਨੂੰ ਹੋਈ ਸੀ ਅਤੇ ਉਹ 23 ਮਾਰਚ 1931 ਨੂੰ ਸ਼ਹਾਦਤ ਪ੍ਰਾਪਤ ਕਰ ਗਏ ਸਨ। ਸੋ ਇਸ ਤਰ੍ਹਾਂ ਇਹ ਲਿਖਤ ਸਾਢੇ ਪੰਜ ਮਹੀਨੇ ਦੇ ਵਿੱਚ ਕਿਸੇ ਸਮੇਂ ਸੰਪੂਰਨ ਕੀਤੀ ਗਈ।

ਸ. ਭਗਤ ਸਿੰਘ ਨੇ ਆਪਣੀ ਲਿਖਤ ਵਿੱਚ ਕਿਧਰੇ ਵੀ ਭਾਈ ਸਾਹਿਬ ਰਣਧੀਰ ਸਿੰਘ ਦੇ ਨਾਂ ਦਾ ਜ਼ਿਕਰ ਨਹੀਂ ਕੀਤਾ। ਨਾ ਹੀ ਉਹਨਾਂ ਪ੍ਰਤੀ ਕਿਸੇ ਮੰਦ ਭਾਵਨਾਂ ਜਾਂ ਮੰਦ ਸ਼ਬਦਾਂ ਦੀ ਹੀ ਵਰਤੋਂ ਕੀਤੀ, ਸਗੋਂ ਉਹਨਾਂ ਨੂੰ 'ਦੋਸਤ' ਕਹਿ ਕੇ ਆਪਣੇ ਸਦਾਚਾਰਕਤਾ ਨੂੰ ਹੀ ਪ੍ਰਗਟ ਕੀਤਾ ਹੈ। ਇਹ ਹੁੰਦਾ ਵੀ ਕਿਉਂ ਨਾ, ਕਿਉਂਕਿ ਸ. ਭਗਤ ਸਿੰਘ ਦੇ ਮਨ ਵਿੱਚ ਪੁਰਾਣੇ ਦੇਸ਼ ਭਗਤਾਂ ਦੇ ਪ੍ਰਤੀ ਡੂੰਘਾ ਸਤਿਕਾਰ ਸੀ। ਉਹਨਾਂ ਦੀ ਦੇਸ਼ ਭਗਤੀ ਦੀ ਪ੍ਰੇਰਨਾ ਦਾ ਸਰੋਤ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ ਅਤੇ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਜ਼ੁਲਮ ਦਾ ਬਦਲਾ ਲੈਣ ਦੇ ਰਾਹ ਤੋਰਿਆ। ਸੋ ਉਹਨਾਂ ਦੀ ਨਿਸ਼ਕਾਮਤਾ ਉੱਪਰ ਕਿੰਤੂ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਗੱਲ ਦਾ ਸਿਰਫ ਅੰਦਾਜ਼ਾ ਹੀ ਲਾਇਆ ਜਾ ਸਕਦਾ ਕਿ ਸ. ਭਗਤ ਸਿੰਘ ਤਾਂ ਭਾਈ ਸਾਹਿਬ ਨੂੰ ਕਿੰਨੀ ਉਤਸੁਕਤਾ ਨਾਲ ਮਿਲੇ ਸਨ ਪ੍ਰੰਤੂ ਉਹਨਾਂ ਦੇ ਈਸ਼ਵਰ ਪ੍ਰਤੀ ਵਿਸ਼ਵਾਸਾਂ ਦੇ ਵਿਸ਼ੇ ਉੱਪਰ ਗੱਲ ਬਾਤ ਦੌਰਾਨ ਉਹਨਾਂ ਨੂੰ ਜਦੋਂ 'ਘਮੰਡੀ' ਕਿਹਾ ਹੋਵੇਗਾ ਤਾਂ ਉਹਨੂੰ ਕਿੰਨਾ ਦੁੱਖ ਹੋਇਆ ਹੋਵੇਗਾ। ਇਸ ਦੁੱਖ ਤੋਂ ਮੁਕਤ ਹੋਣ ਲਈ ਉਹਨਾਂ ਆਪਣੇ ਵਿਚਾਰਾਂ ਨਾਲ ਭਾਰਤੀਆਂ ਨੂੰ ਆਮ ਕਰਕੇ ਅਤੇ ਨੌਜੁਆਨਾਂ ਨੂੰ ਖ਼ਾਸ ਕਰਕੇ ਜੋ ਚੇਤਨਾ ਦਿੱਤੀ ਉਸ ਲਈ ਉਹਨਾਂ ਦਾ ਬੜਾ ਹੀ ਧੰਨਵਾਦ ਹੈ।



## ਈਸ਼ਵਰ ਦੀ ਹੋਂਦ ਅਤੇ ਘਮੰਡ

ਜਦੋਂ ਸ. ਭਗਤ ਸਿੰਘ ਈਸ਼ਵਰ ਦੀ ਹੋਂਦ ਦੇ ਵਿਸ਼ੇ ਉੱਪਰ ਵਿਚਾਰ ਸ਼ੁਰੂ ਕਰਦੇ ਹਨ ਤਾਂ ਉਹ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸੰਬੋਧਨ ਨਹੀਂ ਕਰ ਰਹੇ ਹੁੰਦੇ। ਉਹ ਤਾਂ ਇਸ ਘਟਨਾ ਦੇ ਬਹਾਨੇ ਨਾਲ ਉਹਨਾਂ ਸਾਰੇ ਲੋਕਾਂ ਨਾਲ ਹੀ ਗੱਲ ਕਰ ਰਹੇ ਹੁੰਦੇ ਹਨ ਜੋ ਅੰਧ ਵਿਸ਼ਵਾਸਾਂ ਦੇ ਕਾਰਨ ਗ਼ਰੀਬੀ ਦਾ ਜੀਵਨ ਬਸਰ ਕਰ ਰਹੇ ਹਨ। ਜਿਨ੍ਹਾਂ ਦੀ ਮਿਹਨਤ ਨੂੰ ਕੋਈ ਇਸ ਲਈ ਲੁੱਟ ਰਿਹਾ ਹੈ ਕਿ ਉਹ ਕਾਰਖਾਨੇ ਜਾਂ ਜਮੀਨ ਦਾ ਮਾਲਕ ਹੈ ਜਿਸ ਉੱਪਰ ਉਜਰਤ ਦੇ ਕੇ ਕੰਮ ਕਰਵਾ ਰਿਹਾ ਹੈ। ਉਹ ਉਹਨਾਂ ਲੋਕਾਂ ਨਾਲ ਗੱਲ ਕਰ ਰਹੇ ਹਨ ਜੋ ਆਪਣੀ ਗ਼ਰੀਬੀ ਨੂੰ ਪਿਛਲੇ ਕਰਮਾਂ ਦਾ ਫਲ ਸਮਝਦੇ ਹਨ ਤੇ ਅਮੀਰ ਲੋਕਾਂ ਦੇ ਪਿਛਲੇ ਕਰਮਾਂ ਦੇ ਪੁੰਨਾਂ ਦਾ ਫਲ ਮੰਨਦੇ ਹਨ। ਉਹ ਆਪਣੀ ਗੱਲ ਸ਼ੁਰੂ ਕਰਦੇ ਹੋਏ ਲਿਖਦੇ ਹਨ :

"ਆਪਣੇ ਦੋਸਤਾਂ ਨਾਲ ਗੱਲਬਾਤ ਦੇ ਦੌਰਾਨ ਮੈਨੂੰ ਇਉਂ ਮਹਿਸੂਸ ਹੋਇਆ ਕਿ ਕੁਝ ਦੋਸਤ ਸ਼ਾਇਦ ਅਜਿਹਾ (ਦੋਸਤ) ਕਹਿ ਕੇ, ਮੈਂ ਉਹਨਾ ਉੱਪਰ ਬਹੁਤਾ ਅਧਿਕਾਰ ਨਹੀਂ ਜਮਾ ਰਿਹਾ ਹਾਂ, ਮੇਰੇ ਨਾਲ **ਥੋੜ੍ਹੇ ਜਿਹੇ ਸੰਪਰਕ ਦੌਰਾਨ**, ਇਸ ਸਿੱਟੇ ਉੱਪਰ ਪਹੁੰਚਣ ਲਈ ਕਾਹਲੇ ਹਨ ਕਿ ਮੈਂ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੋ ਕੇ, ਕੁਝ ਲੋੜ ਤੋਂ ਜ਼ਿਆਦਾ ਹੀ ਅੱਗੇ ਲੰਘ ਗਿਆ ਹਾਂ। **ਮੇਰੇ ਘਮੰਡ ਨੇ ਕੁਝ ਹੱਦ ਤੱਕ ਮੈਨੂੰ ਇਸ ਵਿਸ਼ਵਾਸ ਲਈ ਉਕਸਾਇਆ ਹੈ।"** (**ਜ਼ੋਰ ਸਾਡਾ**)

ਸ. ਭਗਤ ਸਿੰਘ ਦੀ ਨਜ਼ਰ ਵਿੱਚ ਦੇਸ਼ ਭਗਤੀ ਦੇ ਰਾਹ ਉੱਪਰ ਚੱਲਣ ਵਾਲੇ ਸਾਰੇ ਲੋਕ ਹੀ ਦੋਸਤ ਹਨ। ਬੇਸ਼ੱਕ ਉਹਨਾਂ ਦੇ ਵਿਚਾਰ ਧਾਰਮਿਕ ਜਾਂ ਕਿਸੇ ਹੋਰ ਤਰ੍ਹਾਂ ਦੇ ਸਨ ਉਹ ਉਹਨਾਂ ਨਾਲੋਂ ਵੱਖਰੇ ਵਿਚਾਰ ਰਖਦੇ ਸਨ। ਉਸ ਸਮੇਂ ਮੁੱਖ ਕਾਰਨ ਅੰਗਰੇਜ਼ ਸਾਮਰਾਜ ਵਿਰੁੱਧ ਸੰਘਰਸ਼ ਸੀ। ਇਸ ਲਈ ਉਹਨਾਂ ਨੂੰ ਘਮੰਡੀ ਕਹਿਣ ਵਾਲਾ ਵਿਅਕਤੀ ਵੀ 'ਦੋਸਤ' ਹੀ ਸੀ। ਇਹ ਉਹਨਾਂ ਦੀ ਵਿਸ਼ਾਲ ਦ੍ਰਿਸ਼ਟੀ ਹੀ ਸੀ ਕਿ ਉਹਨਾਂ ਇਸ ਕੌੜੇ ਸ਼ਬਦਾਂ ਦੇ ਵਕਤਾ ਨੂੰ ਵੀ, ਸਾਮਰਾਜ ਵਿਰੋਧੀ ਸੰਘਰਸ਼ ਦੇ ਚੌਖਟੇ ਵਿੱਚ ਹੀ ਰੱਖ ਕੇ ਦੇਖਿਆ। ਘਮੰਡੀ ਕਹਿਣ ਵਾਲੇ ਵਿਅਕਤੀ ਦੇ ਵੱਖਰੇ ਵਿਚਾਰ ਉਹਨਾਂ ਦੀ, ਸਮਝ ਦੇ ਰਾਹ ਵਿੱਚ ਕੋਈ ਅੜਿੱਕਾ ਨਹੀਂ ਸਨ। ਜਦੋਂ ਯੁੱਧ ਹੋ ਰਿਹਾ ਹੈ ਤਾਂ ਸਾਰੇ ਫੌਜੀ ਤੇ ਸਹਾਇਕ ਅਮਲਾ ਮੂਹਰਲੀ ਕਤਾਰ ਵਿੱਚ ਤਾਂ ਨਹੀਂ ਹੁੰਦਾ। ਸਪਲਾਈ ਤੇ ਰਸੋਈ ਦੇ ਕਾਮੇ ਵੀ ਤਾਂ ਆਪੋ ਆਪਣੀਆਂ ਡਿਊਟੀਆਂ ਦਿੰਦੇ ਹੋਏ, ਮੁੱਖ ਤੌਰ ਉੱਪਰ ਇੱਕੋ ਯੁੱਧ ਨੂੰ ਹੀ ਕਰ ਰਹੇ ਹੁੰਦੇ ਹਨ। ਏਸੇ ਤਰ੍ਹਾਂ ਭਗਤ ਸਿੰਘ ਆਪਣੇ ਆਪ ਨੂੰ ਤੇ ਦੂਸਰੇ ਸਾਰੇ ਦੇਸ਼ ਭਗਤਾਂ ਨੂੰ ਸਮਝਦੇ ਸਨ।

ਉਹਨਾਂ ਨੂੰ 'ਘਮੰਡੀ' ਸ਼ਬਦ ਦਾ ਨਿਸਚੇ ਹੀ ਬਹੁਤ ਮਾਨਸਿਕ ਕਸ਼ਟ ਹੋਇਆ ਹੋਵੇਗਾ। ਜਿਵੇਂ ਉਹਨਾਂ ਦੇ ਸਾਥੀ ਮਰਹੂਮ ਪੰਡਤ ਸ਼ਿਵ ਵਰਮਾ ਜੀ ਨੇ ਲਿਖਿਆ ਹੈ, "ਜੇਕਰ ਬਾਬਾ ਜੀ ਨੇ ਆਪਣੇ **ਵਿਅੰਗ ਬਾਣਾਂ** ਨਾਲ ਭਗਤ ਸਿੰਘ ਨੂੰ **ਸੱਟ ਨਾ ਮਾਰੀ ਹੁੰਦੀ** ਤਾਂ ਸ਼ਾਇਦ ਇਸ ਲਿਖਤ ਦੀ ਲੋੜ ਨਾ ਪੈਂਦੀ ਅਤੇ ਇੰਨੇ ਮਹੱਤਵਪੂਰਨ ਵਿਸ਼ੇ ਉੱਤੇ ਭਗਤ ਸਿੰਘ ਦੇ ਵਿਚਾਰਾਂ ਤੋਂ ਅਸੀਂ ਬਾਂਝੇ ਹੀ ਰਹਿ ਜਾਂਦੇ।"

ਈਸ਼ਵਰ ਦੀ ਹੋਂਦ ਦੇ ਸਵਾਲ ਉੱਪਰ, ਨਾਸਤਿਕਤਾ ਅਤੇ ਆਸਤਿਕਤਾ ਦੇ ਵਿਚਕਾਰ ਸਦੀਆਂ ਤੋਂ ਹੀ ਬਹਿਸ ਚਲਦੀ ਆ ਰਹੀ ਹੈ। ਹਰ ਵਾਰ ਹੀ ਆਸਤਿਕਾਂ ਨੇ ਨਾਸਤਿਕਾਂ ਦਾ ਲਹੂ ਬਹਾਇਆ ਹੈ। ਸਗੋਂ ਬਹੁਤ ਬਾਰ ਆਸਤਿਕਾਂ ਨੇ ਆਸਤਿਕਾਂ ਦਾ ਹੀ ਖੂਨ ਬਹਾਇਆ ਹੈ ਕਿਉਂਕਿ ਈਸ਼ਵਰ ਵਿੱਚ ਵਿਸ਼ਵਾਸ ਰੱਖਦੇ ਹੋਏ ਵੀ, ਇਸ ਲਈ ਕਤਲ

ਕਰਨ ਦੇ ਯੋਗ ਸਮਝੇ ਜਾਂਦੇ ਸਨ ਕਿ ਉਹ ਹਾਕਮਾਂ ਦੇ ਧਰਮ ਤੋਂ ਵੱਖਰੇ ਧਰਮ ਦੇ ਧਾਰਕ ਹਨ। ਭਾਰਤ ਦਾ ਇਤਿਹਾਸ ਤਾਂ ਇਸ ਨਾਲ ਭਰਿਆ ਪਿਆ ਹੈ। ਇਹੋ ਹੀ ਨਹੀਂ ਰਾਜ ਸੱਤਾ ਦੀ ਹਵਸ ਪੂਰਤੀ ਲਈ ਇੱਕ ਧਰਮ ਦੇ ਪੁੱਤਰਾਂ ਨੇ ਬਾਪ ਦੇ, ਭਰਾਵਾਂ ਨੇ ਭਰਾਵਾਂ ਦੇ ਅਤੇ ਸਾਥੀਆਂ ਨੇ ਸਾਥੀਆਂ ਦੇ ਆਹੂ ਲਾਹੇ ਹਨ। ਇਸ ਸੰਬੰਧ ਵਿੱਚ ਮੁਗਲ ਰਾਜ ਅਤੇ ਪੰਜਾਬ ਵਿੱਚ ਮਿਸਲਾਂ ਦਾ ਦੌਰ, ਖ਼ਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਉਦਾਹਰਨ ਸਾਹਮਣੇ ਹੈ। ਏਸੇ ਲਈ ਰਾਜੇ ਦਾ ਕੋਈ ਧਰਮ ਨਹੀਂ ਹੁੰਦਾ, ਉਹ ਤਾਂ ਇਨਸਾਨ ਤੋਂ ਵੀ ਹੇਠਾਂ ਗਿਣਿਆ ਜਾਂਦਾ ਹੈ। ਗੁਰੂ ਨਾਨਕ ਦੇ ਸ਼ਬਦਾਂ ਵਿੱਚ 'ਰਾਜੇ ਸੀਂਹ, ਮੁਕੱਦਮ ਕੁੱਤੇ' ਹੋ ਨਿਬੜਦੇ ਹਨ। ਸੋ ਮਨੁੱਖਤਾ ਦਾ ਰਾਜ ਸਥਾਪਤ ਕਰਨ ਲਈ ਤਾਂ ਜਨਤਾ ਨੂੰ ਆਦਮ ਖੋਰ (ਜੋ ਰਤੁ ਪੀਵਹਿ ਮਾਨਸਾ) ਸ਼ੀਹਾਂ ਦਾ ਖ਼ਾਤਮਾ ਕਰਕੇ ਹੀ ਸਥਾਪਤ ਕੀਤਾ ਜਾ ਸਕਦਾ ਹੈ। ਇਸ ਲਈ ਭਗਤ ਸਿੰਘ ਨਾਸਤਿਕਤਾ ਨੂੰ ਵਿਗਿਆਨਕ ਸੋਚ ਦੇ ਆਧਾਰ ਉੱਪਰ ਗ੍ਰਹਿਣ ਕਰਨ ਦੇ ਕਾਰਨ, ਇਸ ਦੇ ਪੱਖ ਵਿੱਚ ਵਿਸਤਰਤ ਚਰਚਾ ਕਰਦੇ ਹਨ। ਯੁੱਗਾਂ ਤੋਂ ਈਸ਼ਵਰ ਦੀ ਹੋਂਦ ਉੱਪਰ ਇਸ ਵਿਚਾਰਾਂ ਦੇ ਯੁੱਧ ਵਿੱਚ ਉਹ ਲਿਖਤ ਬੜੀ ਮਹੱਤਵ ਪੂਰਨ ਬਣ ਜਾਂਦੀ ਹੈ। ਇਹ ਲਿਖਤ ਪਦਾਰਥਵਾਦ ਅਤੇ ਆਦਰਸ਼ਵਾਦ ਦੇ ਪੱਖਾਂ ਉੱਪਰ, ਇੱਕ ਵੱਖਰੇ ਨੁਕਤੇ ਤੋਂ ਤਰਕ ਸਹਿਤ ਚਾਨਣ ਪਾਉਂਦੀ ਹੈ।

ਇਸ ਲਿਖਤ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਵੀ ਹੈ ਕਿ ਇਸ ਨਾਲ ਲੇਖਕ ਦੀ ਸ਼ਖ਼ਸ਼ੀਅਤ ਦੀ ਮਹਾਨਤਾ ਉਦੋਂ ਸਾਹਮਣੇ ਆ ਉਜਾਗਰ ਹੁੰਦੀ ਹੈ ਜਦੋਂ ਉਹ ਸਵੈ ਆਲੋਚਨਾ ਕਰਨ ਤੋਂ ਇਸ ਬਹਿਸ ਨੂੰ ਸ਼ੁਰੂ ਕਰਦੇ ਹਨ। ਉਹ ਲਿਖਦੇ ਹਨ, "ਮੈਂ ਕੋਈ ਅਜਿਹੀ ਸ਼ੇਖ਼ੀ ਨਹੀਂ ਮਾਰਦਾ ਹਾਂ ਕਿ **ਮੈਂ ਮਨੁੱਖੀ ਕਮਜ਼ੋਰੀਆਂ ਤੋਂ ਉੱਪਰ ਹਾਂ। ਮੈਂ ਇੱਕ ਮਨੁੱਖ ਹਾਂ, ਇਸ ਤੋਂ ਵੱਧ ਹੋਰ ਕੁਝ ਨਹੀਂ ਹਾਂ। ਕੋਈ ਇਸ ਤੋਂ ਵੱਧ ਹੋਣ ਤਾ ਦਾਅਵਾ ਨਹੀਂ ਕਰ ਸਕਦਾ।** ਇਹ ਕਮਜ਼ੋਰੀ ਮੇਰੇ ਵਿੱਚ ਵੀ ਹੈ, ਹੰਕਾਰ ਵੀ ਮੇਰੇ ਸੁਭਾਅ ਦਾ ਅੰਗ ਹੈ। (ਪੰਨਾ–5 ਜ਼ੋਰ ਸਾਡਾ) ਇਸ ਤਰ੍ਹਾਂ ਦਾ ਅਹਿਸਾਸ, ਸਾਡੇ ਸਮੇਂ ਦੇ ਆਮ ਹੀ ਰਾਜਨੀਤੀ ਅਤੇ ਧਾਰਮਿਕ ਖੇਤਰਾਂ ਵਿੱਚ ਲੱਗੇ, ਵੱਡੇ ਮੰਨੇ ਜਾਂਦੇ ਆਗੂਆਂ ਵਿੱਚ ਵੀ ਦੇਖਣ ਨੂੰ ਨਹੀਂ ਮਿਲਦਾ। ਇਹ ਲੋਕ ਨਰਮਾਣਤਾ ਦੇ ਮਖੌਟੇ ਨਾਲ ਹੰਕਾਰ ਨੂੰ ਢਕ ਲੈਂਦੇ ਹਨ। ਇਹ ਇਸ ਨੂੰ ਇੱਕ ਕਲਾ ਸਮਝਦੇ ਹਨ ਪ੍ਰੰਤੂ ਹੰਕਾਰ ਜਾਂ ਗਰੂਰ ਨੂੰ ਕਮਜ਼ੋਰੀ ਨਹੀਂ ਮੰਨਦੇ। ਮਨੁੱਖੀ ਸੁਭਾਅ ਵਿੱਚ ਇੱਕ ਜਾਂ ਦੂਜੇ ਤਰ੍ਹਾਂ ਦੀ ਕਮਜ਼ੋਰੀ ਦਾ ਆ ਜਾਣਾ ਕੁਦਰਤੀ ਹੈ ਪ੍ਰੰਤੂ ਇਸ ਦਾ ਅਹਿਸਾਸ ਹੋਣ ਅਤੇ ਮੰਨ ਲੈਣ ਨੂੰ ਕਿੰਨੇ ਕੁ ਤਿਆਰ ਹਨ ? ਜੇਕਰ ਆਪਣੀ ਕਿਸੇ ਕਮਜ਼ੋਰੀ ਦਾ ਅਹਿਸਾਸ ਨਹੀਂ ਹੈ ਤਾਂ ਨਾ ਹੀ ਉਸ ਕਮਜ਼ੋਰੀ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਸ ਕਾਰਨ ਪੈਦਾ ਹੋਣ ਵਾਲੀਆਂ ਗਲਤੀਆਂ ਤੋਂ ਬਚਿਆ ਹੀ ਜਾ ਸਕਦਾ ਹੈ। ਸ. ਭਗਤ ਸਿੰਘ ਨੂੰ ਇਹ ਪਤਾ ਸੀ ਕਿ ਕਈ ਬਾਰ ਉਸਦੇ ਸਾਥੀ ਉਨ੍ਹਾਂ ਨੂੰ 'ਨਿਉਕਸ਼' ਜਾਂ 'ਮਨਮਾਨੀ' ਕਰਨ ਵਾਲਾ ਕਹਿ ਦਿੰਦੇ ਸਨ। ਉਹ ਆਪਣੇ ਵਿਚਾਰਾਂ ਉੱਪਰ ਜ਼ੋਰ ਦੇ ਕੇ ਆਪਣੇ ਸਾਥੀਆਂ ਉੱਪਰ ਠੋਸ ਦਿੰਦੇ ਸਨ। ਦੂਜੇ ਸ਼ਬਦਾਂ ਵਿੱਚ ਦਲੀਲ ਦੇ ਜ਼ੋਰ ਨਾਲ ਉਹ ਆਪਣੇ ਵਿਚਾਰਾਂ ਨਾਲ ਸਹਿਮਤ ਕਰਵਾ ਲੈਂਦੇ ਸਨ। ਇਹ ਇਸ ਲਈ ਕਿ ਉਹ ਸਪਸ਼ਟ ਹੁੰਦੇ ਸਨ ਕਿ ਉਹ ਜਿਸ ਗੱਲ ਉੱਪਰ ਜ਼ੋਰ ਦੇ ਰਹੇ ਹਨ ਉਹ ਸੰਭਵ ਹੱਦ ਤੱਕ ਦਰੁਸਤ ਹੁੰਦੀ ਸੀ। ਉਹ ਆਪਣੇ ਵਿਚਾਰਬਾਰ ਅਤੇ ਰਾਜਨੀਤੀ ਵਿੱਚ ਆਪਣੇ ਸਾਥੀਆਂ ਨਾਲੋਂ ਸਪਸ਼ਟ ਸਨ। ਇਸ ਦਾ ਉਹਨਾਂ ਨੂੰ ਵਿਸ਼ਵਾਸ ਵੀ ਸੀ। ਉਹ ਕਹਿੰਦੇ ਹਨ :



"ਜਿੱਥੋਂ ਤੱਕ ਹੋਰਨਾਂ ਪ੍ਰਚੱਲਤ ਮੱਤਾਂ ਦੇ ਮੁਕਾਬਲੇ ਸਾਡੇ ਮੱਤ ਦਾ ਸਵਾਲ ਹੈ, **ਮੈਨੂੰ ਨਿਸ਼ਚੇ ਹੀ ਆਪਣੇ ਮੱਤ ਉੱਪਰ ਮਾਣ ਹੈ।** ਪ੍ਰੰਤੂ ਇਹ ਵਿਅਕਤੀ ਦਾ ਨਿੱਜ ਨਹੀਂ ਹੈ। ਇਹ ਹੋ ਸਕਦਾ ਹੈ ਕਿ ਇਹ ਕੇਵਲ **ਆਪਣੇ ਵਿਸ਼ਵਾਸ ਦੇ ਪ੍ਰਤੀ ਨਿਆਂ ਯੁਕਤ ਮਾਣ ਹੋਵੇ** ਅਤੇ ਇਸ ਨੂੰ ਘਮੰਡ ਨਹੀਂ ਕਿਹਾ ਜਾ ਸਕਦਾ। ਘਮੰਡ ਜਾਂ ਸਹੀ ਸ਼ਬਦਾਂ ਵਿੱਚ ਹੰਕਾਰ ਤਾਂ, ਆਪਣੇ ਆਪ ਦੇ ਪ੍ਰਤੀ ਗਲਤ ਮਾਣ ਦਾ ਗ਼ਲਬਾ ਹੈ।" (ਪੰਨਾ–5 ਜ਼ੋਰ ਸਾਡਾ)

ਇੱਥੇ ਉਹਨਾਂ **ਮਾਣ** ਅਤੇ **ਘਮੰਡ** ਸ਼ਬਦਾਂ ਦੇ ਅਰਥਾਂ ਦੇ ਫਰਕ ਨੂੰ ਸਪਸ਼ਟ ਕੀਤਾ ਹੈ। ਭਾਸ਼ਾ ਸ਼ਾਸਤਰ ਦੀ ਦ੍ਰਿਸ਼ਟੀ ਨਾਲ ਇਹ ਬੜਾ ਜ਼ਰੂਰੀ ਹੈ ਕਿ ਲੇਖਕ ਨੂੰ ਚਾਹੀਦਾ ਹੈ ਕਿ ਉਹ ਕਿਸੇ ਸ਼ਬਦ ਦੀ ਵਰਤੋਂ, ਸ਼ਬਦ ਦੇ ਵਾਕ ਵਿੱਚ ਸਥਾਨ, ਲੋੜ ਅਤੇ ਭਾਵ ਨੂੰ, ਉਸ ਦੇ ਅਰਥਾਂ ਦੇ ਚੌਖਟੇ ਅਤੇ ਪਰਕਰਨ ਨੂੰ ਧਿਆਨ ਵਿੱਚ ਰੱਖ ਕੇ ਕਰੇ। ਕਿਉਂਕਿ ਅਰਥ ਭਾਵ, ਸ਼ਬਦ ਦੇ ਅਰਥਾਂ ਨੂੰ ਬਦਲ ਸਕਦੇ ਹਨ।

ਸ. ਭਗਤ ਸਿੰਘ ਲਈ 'ਘਮੰਡੀ' ਸ਼ਬਦ ਦਾ ਵਿਸ਼ੇਸ਼ਨ ਕਿਸੇ ਤਰ੍ਹਾਂ ਵੀ ਉੱਚਿਤ ਨਹੀਂ ਠਹਿਰਦਾ। ਇਹ ਤਾਂ ਇੱਕ ਤਰ੍ਹਾਂ ਦਾ ਅਪਮਾਨ ਜਨਕ ਸ਼ਬਦ ਸੀ, ਜਿਸ ਨੂੰ ਉਹਨਾ ਨੇ ਘਟੀਆਂ ਸ਼ਬਦਾਂ ਨਾਲ ਮੋੜਵਾਂ ਉੱਤਰ ਦੇਣ ਦੀ ਥਾਂ, ਸੰਬੰਧਿਤ ਵਿਸ਼ੇ ਦਾ ਵਿਸ਼ਲੇਸ਼ਨ ਕਰਕੇ, 'ਘਮੰਡੀ' ਸ਼ਬਦ ਦੇ ਅਰਥਾਂ ਦੀ ਸਪਸ਼ਟਤਾ ਕਰਕੇ ਹੀ ਦੇਣਾ ਉੱਚਿਤ ਸਮਝਿਆ। ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀ ਬਦਲੀ ਮਨੋ ਅਵਸਥਾ ਦੇ ਨਾਲ ਵਧੇਰੇ ਵਿਕਸਤ ਚੇਤਨਾ ਦਾ ਪੱਖ ਵੀ ਸਾਹਮਣੇ ਆਉਂਦਾ ਹੈ। ਇਹ ਸੀ ਉਹਨਾ ਦੀ ਪਹਿਲੀ 'ਬਦਲਾ ਲੈਣ' ਦੀ ਗਰਮ ਸੋਚ। ਉਹਨਾ ਦੇ ਵੱਲੋਂ ਭਾਰਤ ਨੌਜੁਆਨ ਸਭਾ ਨੂੰ, ਆਪਣੇ ਇੱਕ ਲਿਖਤੀ ਸੁਨੇਹੇ ਵਿੱਚ, ਜੇਲ੍ਹ ਵਿੱਚੋਂ ਲਿਖਿਆ ਖ਼ਤ ਉਦਾਹਰਨ ਹੈ। ਹੁਣ ਉਹ ਦਲੀਲ ਨੂੰ ਪਹਿਲ ਦੇ ਰਹੇ ਸਨ ਸਾਨੂੰ ਇਸ ਦੇ ਇਹ ਅਰਥ ਨਹੀਂ ਲੈਣੇ ਚਾਹੀਦੇ ਕਿ ਉਹ ਅਹਿੰਸਾਵਾਦੀ ਬਣ ਗਏ ਸਨ, ਉਹ ਸਿਰਫ਼ ਵਿਅਕਤੀਗਤ ਹਿੰਸਾ ਜੋ ਬਦਲੇ ਦੀ ਭਾਵਨਾ ਵਿੱਚੋਂ ਜਨਮ ਲੈਂਦੀ ਹੈ, ਰੱਦ ਕਰਦੇ ਹਨ। ਤਾਂ ਜੋ ਜਨਤਕ ਲਾਮਬੰਦੀ ਦੁਆਰਾ ਜੁਝਾਰੂ ਸੰਘਰਸ਼ ਦੀ ਤਿਆਰੀ ਕੀਤੀ ਜਾ ਸਕੇ।

ਦੂਜੇ ਪਾਸੇ 'ਮਾਣ' ਸ਼ਬਦ ਚੰਗੀ ਭਾਵਨਾ ਵਾਲਾ ਹੈ। ਚੰਗੇ ਗੁਣਾਂ ਅਤੇ ਚੰਗੇ ਵਿਚਾਰਾਂ ਉੱਪਰ ਮਾਣ ਕਰਨਾ ਗਲਤ ਨਹੀਂ ਹੁੰਦਾ ਸਗੋਂ ਅਜਿਹਾ ਕਰਨਾ ਵਿਅਕਤੀ ਨੂੰ ਖ਼ੁਸ਼ੀ ਵੀ ਦਿੰਦਾ ਹੈ ਅਤੇ ਹੋਰ ਚੰਗੇ ਕੰਮ ਕਰਨ ਲਈ ਉਤਸ਼ਾਹਿਤ ਵੀ ਕਰਦਾ ਹੈ। ਘਮੰਡ ਆਪਣੇ ਆਪ ਵਿੱਚ ਹੀ ਔਗੁਣ ਹੈ। ਘਮੰਡ ਦਾ ਨਿਰਮਾਣਤਾ ਅਤੇ ਉਦਾਰਤਾ ਨਾਲ ਕੋਈ ਵਾਸਤਾ ਨਹੀਂ ਹੁੰਦਾ। ਲੋਕ ਸੇਵਾ ਅਤੇ ਪਰਉਪਕਾਰ ਦੇ ਗੁਣ ਘਮੰਡ ਸ਼ਬਦ ਦੇ ਅਰਥਾਂ ਦੇ ਖੇਤਰ ਤੋਂ ਬਾਹਰ ਹੀ ਰਹਿੰਦੇ ਹਨ। ਸ. ਭਗਤ ਸਿੰਘ ਜਿਨ੍ਹਾਂ ਮਨੁੱਖਤਾ ਦੀ ਬੰਦ ਖ਼ਲਾਸ ਦੇ ਪਹਿਲੇ ਪੜਾ, ਦੇਸ਼ ਦੀ ਆਜ਼ਾਦੀ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਹੋਈ ਸੀ। ਉਸ ਲਈ ਘਮੰਡ ਸ਼ਬਦ ਕਿੰਨਾ ਕਸ਼ਟਦਾਇਕ ਹੋਵੇਗਾ, ਇਸ ਦਾ ਅੰਦਾਜ਼ਾ ਉਹ ਹੀ ਲਾ ਸਕਦਾ ਹੈ ਜਿਸਨੇ ਦੇਸ਼ ਦੀ ਜਨਤਾ ਜਾਂ ਸਮੁੱਚੀ ਮਨੁੱਖਤਾ ਦੇ ਲਈ ਜੀਵਨ ਅਰਪਨ ਕੀਤਾ ਹੋਵੇ। ਸਵਾਰਥੀ ਲੋਕ, ਜੋ ਰਾਜਨੀਤੀ ਜਾਂ ਕਿਸੇ ਪਖੰਡੀ ਕਾਰਜ ਦੇ ਪਰਦੇ ਹੇਠ ਭ੍ਰਿਸ਼ਟਾਚਾਰੀ ਢੰਗ ਨਾਲ ਧਨ ਪਦਾਰਥ ਸਮੇਟਣ ਲਈ ਹੀ ਸ਼ਕਤੀ ਲਾਉਂਦੇ ਹਨ, ਘਮੰਡ ਸ਼ਬਦ ਦੇ ਅਰਥਾਂ ਸੰਬੰਧੀ ਕੀ ਸਮਝ ਸਕਦੇ ਹਨ।

## ਕੀ ਘਮੰਡ ਆਸਤਿਕਤਾ ਨਾਲ ਸੰਬੰਧਿਤ ਹੈ ?

ਸ. ਭਗਤ ਸਿੰਘ ਸਪਸ਼ਟ ਕਰਦੇ ਹੋਏ ਕਿ ਆਸਤਿਕਤਾ ਦੇ ਘਮੰਡ ਨਾਲ ਕੀ ਸੰਬੰਧ

ਹਨ। ਦਸਦੇ ਹਨ ਕਿ ਇਹ ਦੇਖਣ ਵਾਲੀ ਗੱਲ ਹੈ ਕਿ ਕੀ ਇਹ ਸੰਭਵ ਵੀ ਹੈ ਕਿ ਕਿਸੇ ਦਾ ਘਮੰਡ ਉਸਦੀ ਆਸਤਿਕਤਾ ਵਿੱਚ ਵਿਘਨ ਪਾ ਸਕਦਾ ਹੈ ਜਾਂ ਕੀ ਉਸਨੂੰ ਤੋੜ ਸਕਦਾ ਹੈ। ਕੀ ਘਮੰਡੀ ਬਣ ਜਾਣ ਨਾਲ ਕਿਸੇ ਦੀ ਈਸ਼ਵਰ ਵਿੱਚ ਆਸਤਕਤਾ ਖ਼ਤਮ ਹੋ ਜਾਂਦੀ ਹੈ ? ਦੂਜੇ ਸ਼ਬਦਾਂ ਵਿੱਚ ਕੀ ਘਮੰਡੀ ਬਣ ਜਾਣ ਨਾਲ ਕੋਈ ਨਾਸਤਿਕ ਬਣ ਜਾਂਦਾ ਹੈ ? ਉਹ ਸਪਸ਼ਟ ਕਰਦੇ ਹੋਏ ਲਿਖਦੇ ਹਨ :

"ਦੋ ਹੀ ਰਸਤੇ ਸੰਭਵ ਹਨ। ਜਾਂ ਤਾਂ ਮਨੁੱਖ ਆਪਣੇ ਆਪ ਨੂੰ ਈਸ਼ਵਰ ਦਾ ਵਿਰੋਧੀ ਸਮਝਣ ਲੱਗੇ ਜਾਂ ਆਪਣੇ ਆਪ ਨੂੰ ਹੀ ਈਸ਼ਵਰ ਮੰਨਣ ਲੱਗ ਜਾਵੇ। ਇਨ੍ਹਾਂ ਦੋਵਾਂ ਹਾਲਤਾਂ ਵਿੱਚ ਉਹ 'ਸੱਚਾ ਨਾਸਤਿਕ' ਨਹੀ ਬਣ ਸਕਦਾ। ਪਹਿਲੀ ਹਾਲਤ ਵਿੱਚ ਤਾਂ ਉਹ ਆਪਣੇ ਵਿਰੋਧੀ ਦੀ ਹੋਂਦ ਨੂੰ ਮੰਨਦਾ ਹੈ ਜੋ ਪਰਦੇ ਪਿੱਛੇ ਪ੍ਰਕਿਰਤੀ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਚਲਾਉਂਦੀ ਹੈ। ਸਾਡੇ ਲਈ ਇਸ ਗੱਲ ਦਾ ਕੋਈ ਮਹੱਤਵ ਨਹੀਂ ਕਿ ਉਹ ਆਪਣੇ ਆਪ ਨੂੰ ਹੀ ਈਸ਼ਵਰ ਸਮਝਦਾ ਹੈ ਜਾਂ ਇਹ ਸਮਝਦਾ ਹੈ ਕਿ ਮੈਂ ਤਾਂ ਨਾ ਪਹਿਲੀ ਸ੍ਰੇਣੀ ਵਿੱਚ ਆਉਂਦਾ ਹਾਂ ਨਾ ਹੀ ਦੂਜੀ ਵਿੱਚ।" (ਪੰਨਾ-6)

ਇਨ੍ਹਾਂ ਸ਼ਬਦਾਂ ਵਿੱਚ ਸ. ਭਗਤ ਸਿੰਘ ਕੁੱਝ ਅਜਿਹਾ ਅਣ-ਕਹਿਆ ਵੀ ਕਹਿ ਗਏ ਹਨ ਜੋ ਉਪਰੋਕਤ ਵਿਚਾਰਾਂ ਦੀ ਤਸਵੀਰ ਦੇ ਦੂਜੇ ਪਾਸੇ ਦੇਖਿਆ ਜਾ ਸਕਦਾ ਹੈ। ਉਹ ਈਸ਼ਵਰ ਵਿੱਚ ਆਸਥਾ ਰੱਖਣ ਵਾਲੇ ਸਗੋਂ ਪਰਲੇ ਦਰਜੇ ਦੀ ਕੱਟੜ ਆਸਥਾ ਵਾਲੇ ਲੋਕਾਂ ਦਾ ਰੂਪ ਸਾਡੇ ਸਾਹਮਣੇ ਖੜ੍ਹਾ ਕਰ ਦਿੰਦੇ ਹਨ। ਜੋ 'ਨਿਰਵੈਰ' 'ਨਿਰਭਉ' 'ਦਿਆਲੂ' ਈਸ਼ਵਰ ਦੇ ਬਾਰੇ ਵੱਡੇ ਵੱਡੇ ਵਿਆਖਿਆਨ ਕਰਦੇ ਹਨ। ਧਰਮ ਪੁਸਤਕਾਂ ਉੱਪਰ ਜ਼ਿਆਰਤ ਕਰਦੇ ਹਨ, ਪੂਜਾ ਪਾਠ ਕਰਦੇ ਹਨ ਪ੍ਰੰਤੂ ਨਫਰਤ, ਘਮੰਡ ਤੇ ਪਾਖੰਡ ਨਾਲ ਨੱਕੋ ਨੱਕ ਭਰੇ ਹੋਏ ਹੁੰਦੇ ਹਨ, ਉਹ ਕਿਸ ਤਰ੍ਹਾਂ ਦੇ ਆਸਤਿਕ ਹੋਏ ? ਅਸੀਂ ਆਪਣੇ ਸਮੇਂ ਦੇ ਹਿੰਦੂ, ਸਿੱਖ, ਮੁਸਲਮ ਆਦਿ ਧਰਮਾਂ ਦੇ ਕਈ ਆਗੂਆਂ ਦਾ ਰੂਪ ਇਸ ਵਿੱਚੋਂ ਉਭਰਦਾ ਦੇਖ ਸਕਦੇ ਹਾਂ। ਸਗੋਂ ਈਰਾਨ, ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਭਾਰਤ ਵਿੱਚ ਤਾਂ ਅਜਿਹੇ ਲੋਕਾਂ ਤੇ ਉਹਨਾ ਦੇ ਆਸਤਿਕ ਲੱਖਾਂ ਪੈਰੋਕਾਰਾਂ ਨੂੰ ਪਛਾਣ ਸਕਦੇ ਹਾਂ। ਭਗਤ ਸਿੰਘ ਕਹਿ ਰਹੇ ਹਨ ਕਿ ਉਹਨਾਂ ਨੂੰ ਆਪਣੀ ਵਿਗਿਆਨਕ ਸਮਾਜਵਾਦੀ ਵਿਚਾਰਧਾਰਾ ਉੱਪਰ ਮਾਣ ਹੈ। ਕਿਸੇ ਦੇ ਘਮੰਡੀ ਕਹਿਣ ਨਾਲ ਉਹ ਨਾਸਤਿਕ ਨਹੀਂ ਬਣ ਜਾਂਦੇ, ਸਗੋਂ ਉਹਨਾ ਦੇ ਨਾਸਤਿਕ ਬਣਨ ਦੇ ਵੱਖਰੇ ਕਾਰਨ ਹਨ। ਉਹ ਕਹਿੰਦੇ ਹਨ :

"ਇੱਥੇ ਮੈਂ ਇਹ ਸਪਸ਼ਟ ਕਰ ਦੇਵਾਂ ਕਿ ਇਹ ਘਮੰਡ ਨਹੀਂ ਹੈ ਜਿਸ ਨੇ ਮੈਨੂੰ ਨਾਸਤਿਕਤਾ ਦੇ ਸਿਧਾਂਤ ਨੂੰ ਗ੍ਰਹਿਣ ਕਰਨ ਦੇ ਲਈ ਪ੍ਰੇਰਤ ਕੀਤਾ। ਮੈਂ ਨਾ ਤਾਂ ਇੱਕ (ਈਸ਼ਵਰ) ਵਿਰੋਧੀ ਹਾਂ, ਨਾ ਹੀ ਇੱਕ ਅਵਤਾਰ ਅਤੇ ਨਾ ਹੀ ਆਪ ਪ੍ਰਮਾਤਮਾ ਹਾਂ। ਇਹ ਗੱਲ ਪੱਕੀ ਹੈ ਕਿ ਇਹ ਘਮੰਡ ਨਹੀਂ ਹੈ ਜੋ ਇਸ ਤਰ੍ਹਾਂ ਸੋਚਣ ਵੱਲ ਲੈ ਗਿਆ ਹੈ।" (ਉਹ ਹੀ)

ਅੱਗੇ ਕਹਿੰਦੇ ਹਨ ਕਿ ਉਹਨਾਂ ਨੂੰ ਘਮੰਡੀ ਕਹਿਣ ਵਾਲੇ ਦੋਸਤ ਸ਼ਾਇਦ ਸਮਝਦੇ ਹੋਣ ਕਿ 'ਦਿੱਲੀ ਬੰਬ ਕੇਸ ਅਤੇ ਲਾਹੌਰ ਸਾਜ਼ਸ਼ ਕੇਸ ਦੇ ਕਾਰਨ ਮੈਨੂੰ ਜੋ ਬੇਲੋੜੀ ਪ੍ਰਸੰਸਾ ਮਿਲੀ, ਦੇ ਕਾਰਨ ਸ਼ਾਇਦ ਮੈਂ ਅਭਿਮਾਨੀ ਹੋ ਗਿਆ ਹੋਵਾਂ। (ਪੰਨਾ-7)

ਜੋ ਸੱਜਣ ਸ. ਭਗਤ ਸਿੰਘ ਨੂੰ ਉਹਨਾਂ ਦੇ ਇਨਕਲਾਬੀ ਕਾਰਜਾਂ ਕਰਕੇ ਮਿਲੀ ਸ਼ੋਹਰਤ, ਪਿਆਰ ਅਤੇ ਸਤਿਕਾਰ ਨੂੰ ਦੇਖ ਕੇ ਇਹ ਸਿੱਟੇ ਉੱਪਰ ਪੁੱਜਦੇ ਹੋਣ ਕਿ ਇਸ ਕਾਰਨ ਉਹਨਾਂ ਵਿੱਚ ਘਮੰਡ ਪੈਦਾ ਹੋ ਗਿਆ ਤੇ ਉਹ ਨਾਸਤਿਕ ਬਣ ਗਏ ਹਨ। ਕੀ ਅਜਿਹਾ



ਸੋਚਣ ਵਾਲੇ ਲੋਕ ਆਸਤਿਕ ਹੁੰਦੇ ਹੋਏ ਵੀ ਕਿਸੇ ਸਤਿਕਾਰੇ ਜਾਂਦੇ ਦੇਸ਼ ਭਗਤ ਦੇ ਸਤਿਕਾਰ ਤੋਂ ਚਿੜ੍ਹ ਕੇ ਈਰਖਾ ਜਾਂ ਸਾੜੇ ਦੀ ਭਾਵਨਾ ਵਿੱਚ ਉਲਝ ਗਏ ਹੋਣਗੇ ਤੇ ਉਹਨਾਂ ਦੀ ਆਸਤਿਕਤਾ ਤਾਂ ਹੋਰ ਵੀ ਘਟੀਆ ਬਣ ਜਾਂਦੀ ਹੈ। ਕੀ ਇਸ ਦੇ ਇਹ ਅਰਥ ਹੋਏ ਕਿ ਕੋਈ ਵਿਅਕਤੀ ਬੇਸ਼ੱਕ ਈਰਖਾਲੂ, ਸੜ੍ਹੀਅਲ ਜਾਂ ਮਨੁੱਖੀ ਗੁਣਾਂ ਤੋਂ ਕਿੰਨਾ ਵੀ ਡਿੱਗਿਆ ਹੋਵੇ, ਪਰ ਆਸਤਿਕ ਹੈ ਤਾਂ ਵੀ ਉਹ ਨਾਸਤਿਕ ਵਿਅਕਤੀ ਨਾਲੋਂ ਚੰਗਾ ਹੈ। ਉਹ ਫਿਰ ਉਸਨੂੰ ਈਰਖਾਲੂ ਨਹੀਂ ਕਹਿ ਰਹੇ। ਉਹਨਾਂ ਦਾ ਬਹੁਤਾ ਮੰਤਵ ਤਾਂ ਵਿਆਪਕ ਰੂਪ ਵਿੱਚ ਆਸਤਿਕਤਾ ਦੇ ਪਰਦੇ ਹੇਠ ਲੁਕੇ ਹੋਏ ਅੰਧ ਵਿਸ਼ਵਾਸਾਂ ਅਤੇ ਅਗਿਆਨਤਾ ਨੂੰ ਨੰਗਾ ਕਰਨਾ ਹੈ ਤੇ ਨਾਸਤਿਕਤਾ ਦੀ ਵਿਗਿਆਨਕ ਦ੍ਰਿਸ਼ਟੀ ਨਾਲ ਵਿਆਖਿਆ ਕਰਨੀ ਤੇ ਪਾਠਕ ਨੂੰ ਸਿੱਖਿਆ ਦੇਣਾ ਹੈ। ਫਿਰ ਉਹ ਸ਼ੋਹਰਤ ਦੀ ਗੱਲ ਤੋਂ ਅੱਗੇ ਲੰਘ ਕੇ ਆਪਣੇ ਵਿਚਾਰਾਂ ਦੇ ਬਦਲਣ ਦੇ ਭੇਦ ਨੂੰ ਖੋਲ੍ਹਦੇ ਹੋਏ ਲਿਖਦੇ ਹਨ :

ਮੇਰਾ ਨਾਸਤਿਕਵਾਦ ਕੋਈ ਹੁਣੇ ਹੁਣੇ ਦੀ ਪੈਦਾਵਾਰ ਨਹੀਂ ਹੈ। ਮੈਂ ਈਸ਼ਵਰ ਉੱਪਰ ਉਦੋਂ ਹੀ ਵਿਸ਼ਵਾਸ ਛੱਡ ਦਿੱਤਾ ਸੀ ਜਦੋਂ ਮੈਂ ਇੱਕ **ਅਪ੍ਰਸਿੱਧ** ਨੌਜੁਆਨ ਸੀ, ਜਿਸ ਦੇ ਬਾਰੇ ਮੇਰੇ ਉਪਰੋਕਤ ਦੋਸਤਾਂ ਨੂੰ ਕੁਝ ਵੀ ਪਤਾ ਨਹੀਂ।

(ਪੰਨਾ-7)

ਉਹ ਕਿਸੇ ਲਈ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ ਕਿ ਉਹ ਤਾਂ ਆਪਣੇ ਨਾਸਤਿਕ ਵਿਚਾਰਾਂ ਨੂੰ ਆਪਣੇ ਨਿੱਜੀ ਵਿਸ਼ਵਾਸਾਂ ਤੱਕ ਹੀ ਰਖਦੇ ਸਨ। ਉਹਨਾਂ ਨੂੰ ਆਪਣੀਆਂ ਰਾਜਨੀਤਕ ਸਰਗਰਮੀ ਵਿੱਚ ਸ਼ਾਮਲ ਨਹੀਂ ਕਰਦੇ ਸਨ। ਇਸ ਤਰ੍ਹਾਂ ਉਹ ਧਰਮ ਹੀ ਨਹੀਂ, ਅਧਰਮਿਕਤਾ ਨੂੰ ਵੀ ਰਾਜਨੀਤੀ ਤੋਂ ਵੱਖ ਰਖਦੇ ਸਨ। ਉਹਨਾਂ ਨੂੰ ਪਤਾ ਸੀ ਕਿ ਉਹਨਾਂ ਦੇ ਨਾਲ ਦੇ ਸਾਥੀ ਆਪੋ ਆਪਣੇ ਢੰਗ ਨਾਲ ਆਸਤਿਕ ਸਨ। ਉਹਨਾਂ ਦੀ ਆਸਤਿਕਤਾ, ਤੇ ਭਗਤ ਸਿੰਘ ਦੀ ਨਾਸਤਿਕਤਾ ਸੁਤੰਤਰਤਾ ਸੰਗਰਾਮ ਦੇ ਰਾਹ ਵਿੱਚ ਕੋਈ ਅੜਿੱਕਾ ਨਹੀਂ ਬਣਦੇ ਸਨ। ਉਹ ਕਿਸੇ ਦੇ ਵੀ ਵਿਸ਼ਵਾਸਾਂ ਨੂੰ ਨਿੱਜ ਤੱਕ ਰੱਖਣ ਵਿੱਚ ਡੂੰਘਾ ਯਕੀਨ ਰਖਦੇ ਸਨ, ਉਹ ਚਾਹੇ ਆਸਤਿਕ ਹੋਣ ਚਾਹੇ ਨਾਸਤਿਕ। ਜੇਕਰ ਅਜਿਹਾ ਨਾ ਹੁੰਦਾ ਜਾਂ ਇਉਂ ਕਹੋ ਕਿ ਜੇਕਰ ਭਗਤ ਸਿੰਘ ਆਪਣੇ ਵਿਚਾਰਾਂ ਬਾਰੇ ਕਿਸੇ ਨੂੰ ਦਸਦੇ ਜਾਂ ਹੋਰਨਾਂ ਆਸਤਿਕ ਸਾਥੀਆਂ ਨੂੰ ਨਾਸਤਿਕ ਬਣਾਉਣ ਦਾ ਯਤਨ ਕਰਦੇ ਤਾਂ ਇਸ ਬਾਰੇ ਆਮ ਚਰਚਾ ਛਿੜੀ ਹੋਈ ਸੀ। ਉਹਨਾਂ ਇਹ ਨਿੱਜੀ ਭੇਦ ਵੀ ਖੋਹਲਿਆ ਕਿ ਕਾਲਜ ਦੇ ਵਿਦਿਆਰਥੀ ਜੀਵਨ ਸਮੇਂ ਉਹ ਬਹੁਤ ਹੀ ਸ਼ਰਮੀਲੇ ਅਤੇ ਨਿਰਾਸ਼ਾਵਾਦੀ ਵੀ ਸਨ। ਕੀ ਇਸ ਦਾ ਇਹ ਅਰਥ ਲਿਆ ਜਾ ਸਕਦਾ ਹੈ ਕਿ ਨਿਰਾਸ਼ਾਵਾਦ ਆਸਤਿਕਤਾ ਦੇ ਨਾਲ ਬਹੁਤ ਨੇੜਿਉਂ ਜੁੜਿਆ ਹੋਇਆ ਹੈ ? ਸ਼ਾਇਦ ਇਹ ਠੀਕ ਹੀ ਹੈ। ਕਾਲਜ ਦੇ ਦਿਨਾਂ ਵਿੱਚ ਉਹ ਵੈਸੇ ਵੀ ਇੱਕ ਔਸਤ ਦਰਜੇ ਦੇ ਵਿਦਿਆਰਥੀ ਸਮਝੇ ਜਾਂਦੇ ਸਨ। ਅਧਿਆਕ ਉਹਨਾਂ ਨੂੰ ਪ੍ਰਤਿਭਾਸ਼ੀਲ ਸਮਝ ਕੇ ਪ੍ਰਸੰਸਾ ਵੀ ਨਹੀਂ ਕਰਦੇ ਸਨ।

## ਪਰਵਾਰਿਕ-ਧਾਰਮਿਕ ਪ੍ਰਭਾਵ

ਜਿੱਥੋਂ ਤੱਕ ਉਹਨਾ ਦੇ ਮੁਢਲੇ ਜੀਵਨ ਵਿੱਚ ਆਸਤਿਕਤਾ ਦਾ ਸੰਬੰਧ ਹੈ ਉਹ ਬਿਨਾਂ ਸੰਕੋਚ ਦਸਦੇ ਹਨ। ਇਸ ਜਾਣਕਾਰੀ ਦੁਆਰਾ ਉਹਨਾਂ ਦੇ ਨਾਸਤਿਕ ਬਣਨ ਦੀ ਪ੍ਰਕਿਰਿਆ ਵੀ ਸਾਹਮਣੇ ਆ ਜਾਂਦੀ ਹੈ। ਉਹ ਆਪਣੇ ਮੁਢਲੇ ਜੀਵਨ ਸੰਬੰਧੀ ਦੱਸ ਕੇ ਆਪਣੀ ਆਤਮ ਕਥਾ ਦੇ ਇੱਕ ਅਹਿਮ ਹਿੱਸੇ ਉੱਪਰ ਵੀ ਚਾਨਣ ਪਾ ਰਹੇ ਹੁੰਦੇ ਹਨ। ਪਹਿਲਾਂ ਤਾਂ ਸਿਰਫ

ਇੰਨਾਂ ਹੀ ਪਤਾ ਸੀ ਕਿ ਉਹ ਇਹ ਵੀ ਦਸਦੇ ਹਨ ਕਿ ਉਹ ਆਪਣੇ ਬਾਬਾ ਜੀ ਦੇ ਧਾਰਮਿਕ ਵਿਚਾਰਾਂ ਤੋਂ ਬੜੇ ਹੀ ਪ੍ਰਭਾਵਿਤ ਸਨ। ਉਹਨਾਂ ਦੇ ਪਿਤਾ ਜੀ ਉਦਾਰਵਾਦੀ ਵਿਚਾਰਾਂ ਦੇ ਹੁੰਦੇ ਹੋਏ ਵੀ ਉਹਨਾਂ ਨੂੰ ਧਰਮ ਵੱਲ ਪ੍ਰੇਰਦੇ ਰਹਿੰਦੇ ਸਨ। ਉਹ ਦਸਦੇ ਹਨ ਕਿ ਡੀ. ਏ. ਵੀ. ਸਕੂਲ ਲਾਹੌਰ ਵਿੱਚ ਸਵੇਰੇ ਸ਼ਾਮ ਦੀਆਂ ਪ੍ਰਾਰਥਨਾਵਾਂ ਤੋਂ ਬਿਨਾਂ ਉਹ ਘੰਟਿਆਂ ਬੱਧੀ ਗਇਤਰੀ ਮੰਤ੍ਰ ਦਾ ਪਾਠ ਕਰਦੇ ਰਹਿੰਦੇ ਸਨ। ਇਹ ਵਰਨਣ ਉਹਨਾਂ ਬਿਨਾਂ ਕਿਸੇ ਪਰਦਾਪੋਸ਼ੀ ਵਾਲੀ ਸ਼ਬਦਾਵਲੀ ਤੋਂ ਕੀਤਾ ਹੈ। ਉਹਨਾ 1926 ਵਿੱਚ, ਉਸ ਸਮੇਂ ਲਾਹੌਰ ਡੀ. ਏ. ਵੀ. ਕਾਲਜ ਵਿੱਚ ਦਾਖਲਾ ਲਿਆ ਜਦੋਂ ਅੰਦੋਲਨ ਚੱਲ ਰਿਹਾ ਸੀ। ਉਹ ਹੋਰ ਵਧੇਰੇ ਸਪਸ਼ਟ ਕਰਦੇ ਹੋਏ ਲਿਖਦੇ ਹਨ, "ਕਾਲਜ ਆ ਕੇ ਹੀ ਮੈਂ ਸਾਰੀਆਂ ਧਾਰਮਿਕ ਸਮੱਸਿਆਵਾਂ,, ਇੱਥੋਂ ਤੱਕ ਕਿ **ਈਸ਼ਵਰ ਦੇ ਬਾਰੇ ਉਦਾਰਤਾ ਪੂਰਵਕ ਸੋਚਣਾ, ਵਿਚਾਰਨਾ ਅਤੇ ਉਸਦੀ ਆਲੋਚਨਾ ਕਰਨੀ ਸ਼ੁਰੂ ਕੀਤੀ।** ਪਰ ਹਾਲੇ ਵੀ ਮੈਂ ਪੱਕਾ ਆਸਤਿਕ ਸੀ। ਉਸ ਸਮੇਂ ਮੈਂ ਆਪਣੇ ਬਿਨਾਂ ਕੱਟੇ ਤੇ ਸੰਵਾਰੇ ਹੋਏ ਲੰਬੇ ਵਾਲਾਂ ਨੂੰ ਰੱਖਣਾ ਸ਼ੁਰੂ ਕਰ ਦਿੱਤਾ ਸੀ। ਫਿਰ ਵੀ **ਮੈਨੂੰ ਕਦੀ ਵੀ ਸਿੱਖ ਜਾਂ ਹੋਰਨਾਂ ਧਰਮਾਂ ਦੀ ਪੁਰਾਣਿਕਤਾ ਅਤੇ ਸਿਧਾਂਤਾਂ ਵਿੱਚ ਵਿਸ਼ਵਾਸ ਨਹੀਂ ਹੋ ਸਕਿਆ ਸੀ।** ਪ੍ਰੰਤੂ ਮੇਰੀ ਈਸ਼ਵਰ ਦੀ ਹੋਂਦ ਵਿੱਚ ਦ੍ਰਿੜ ਨਿਸ਼ਠਾ ਸੀ।"
(ਪੰਨਾ-7-8, ਜ਼ੋਰ ਸਾਡਾ)

ਉਹ ਅੱਗੇ ਹੋਰ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਉਹ 'ਇਨਕਲਾਬੀ ਪਾਰਟੀ' ਵਿੱਚ ਸ਼ਾਮਲ ਹੋਏ, ਉਸ ਸਮੇਂ ਜਿਨ੍ਹਾਂ ਆਗੂਆਂ ਦੇ ਉਹ ਸੰਪਰਕ ਵਿੱਚ ਆ ਕੇ ਪ੍ਰਭਾਵ ਹੇਠ ਆਏ ਸਨ, ਉਹ ਆਪ ਨਾਸਤਿਕ ਨਹੀਂ ਸਨ। ਪਹਿਲੇ ਆਗੂ ਦਾ ਨਾਂ ਲਏ ਬਿਨਾਂ ਉਸ ਬਾਰੇ ਕਿਹਾ, "ਈਸ਼ਵਰ ਦੀ ਹੋਂਦ ਤੋਂ ਇਨਕਾਰ ਕਰਨ ਦੀ ਹਿੰਮਤ ਹੀ ਨਹੀਂ ਰੱਖਦੇ ਸਨ।" ਜਦੋਂ ਭਗਤ ਸਿੰਘ ਨੇ ਉਸ ਤੋਂ ਈਸ਼ਵਰ ਦੀ ਹੋਂਦ ਬਾਰੇ ਵਾਰ ਵਾਰ ਪੁੱਛਿਆ ਤਾਂ ਉਸਨੇ ਇੰਨਾਂ ਹੀ ਕਿਹਾ, "ਜਦੋਂ ਇੱਛਾ ਹੋਵੇ ਉਦੋਂ ਪੂਜ ਲਿਆ ਕਰੋ।"ਇਸ ਤੋਂ ਜ਼ਾਹਰ ਹੈ ਕਿ ਉਹਨਾਂ ਨੇ ਜਿਹੜਾ ਵਿਗਿਆਨਕ ਤੇ ਪਦਾਰਥਵਾਦੀ ਲਿਟਰੇਚਰ ਪੜ੍ਹਿਆ, ਉਸਨੇ ਉਹਨਾਂ ਦੀਆਂ ਸੋਚਾਂ ਵਿੱਚ ਈਸ਼ਵਰ ਦੀ ਹੋਂਦ ਬਾਰੇ ਸਵਾਲਾਂ ਦਾ ਤੂਫਾਨ ਲਿਆ ਦਿੱਤਾ ਸੀ। ਵਿਗਿਆਨ ਸਿਰਫ ਉਸ ਸਵਾਲ ਦੇ ਉੱਤਰ ਨੂੰ ਦਰੁਸਤ ਠਹਿਰਾਉਂਦੀ ਹੈ ਜੋ "**ਕਿਉਂ**" ਅਤੇ "**ਕਿਵੇਂ**" ਦੇ ਸਪਸ਼ਟ ਉੱਤਰ ਦੇ ਸਕੇ। ਉਨ੍ਹਾਂ ਆਪਣੀ ਸਮਝ ਨੂੰ ਹੋਰ ਯਥਾਰਥਵਾਦੀ ਬਣਾਉਣ ਲਈ ਅਤੇ ਯਗਿਆਸਾ ਦੀ ਤ੍ਰਿਪਤੀ ਲਈ ਆਪਣੇ ਆਗੂਆਂ ਤੋਂ ਈਸ਼ਵਰ ਬਾਰੇ ਅਨੇਕਾਂ ਸਵਾਲ ਪੁੱਛੇ। ਉਸ ਦਾ ਇਹ ਵਿਸ਼ਵਾਸ ਸੀ ਕਿ ਇੱਕ ਇਨਕਲਾਬੀ ਪਾਰਟੀ ਦੇ ਇਨਕਲਾਬੀ ਆਗੂ, ਇੱਕ ਇਨਕਲਾਬੀ ਨੌਜੁਆਨ ਦੇ ਈਸ਼ਵਰ ਬਾਰੇ ਸਵਾਲਾਂ ਦੇ ਉੱਤਰ ਜ਼ਰੂਰ ਦੇ ਸਕਣਗੇ। ਪ੍ਰੰਤੂ ਅਜਿਹਾ ਨਹੀਂ ਹੋਇਆ। ਈਸ਼ਵਰ ਦੀ ਹੋਂਦ ਬਾਰੇ ਕਿੰਤੂ ਕਰਨਾ ਕੋਈ ਘੱਟ ਇਨਕਲਾਬੀ ਗੱਲ ਨਹੀਂ ਹੁੰਦੀ। ਇਹ ਨਾ ਪਹਿਲਾਂ ਸੀ ਤੇ ਨਾ ਹੀ ਅੱਜ ਹੈ। ਸਮਾਜ ਵਿੱਚ ਗਰੀਬੀ ਅਮੀਰੀ ਨਾਲ ਸੰਬੰਧਿਤ, ਭਾਰਤ ਦੇ ਪ੍ਰਕਰਣ ਵਿੱਚ ਉੱਚੀਆਂ ਨੀਵੀਆਂ ਜਮਾਤਾਂ ਦੇ ਜਨਮਜਾਤ ਸੰਬੰਧਾਂ ਦੀ ਸਮੱਸਿਆ ਦਾ ਉੱਤਰ ਈਸ਼ਵਰ ਦੀ ਹੋਂਦ, ਚੰਗੇ ਮਾੜੇ ਕਰਮਾਂ, ਆਵਾਗਵਨ ਆਦਿ ਨਾਲ ਜੁੜਿਆ ਹੋਇਆ ਹੈ। ਇਸ ਦੇ ਕਾਰਨ ਭਾਵੇਂ ਆਰਥਿਕ ਅਸਾਵੇਂਪਨ ਅਤੇ ਸਮਾਜੀ ਅਨਿਆਂ ਦੀਆਂ ਨੀਹਾਂ ਉੱਪਰ ਉਸਰੇ ਹੁੰਦੇ ਹਨ। ਪ੍ਰੰਤੂ ਸਾਡੇ ਦੇਸ਼ ਦੀ ਗੁਰਬਤ ਮਾਰੀ ਜਨਤਾ ਇਸ ਦੇ ਕਾਰਨਾਂ ਨੂੰ ਪ੍ਰਭੂ ਦੀ ਕਿਰਪਾ ਅਤੇ ਕਰੋਪੀ ਵਿੱਚ ਹੀ ਮੰਨ ਕੇ ਭਾਣੇ ਨੂੰ ਪਰਵਾਨ ਕਰ ਲੈਂਦੀ ਹੈ। ਸੋ ਭਗਤ ਸਿੰਘ ਇਸ ਵੱਡੀ ਵਿਚਾਰਧਾਰਕ



ਸਮੱਸਿਆ ਬਾਰੇ ਸਪਸ਼ਟ ਹੋਣਾ ਚਾਹੁੰਦੇ ਸਨ ਅਤੇ ਇਸ ਨੂੰ ਅਣਡਿੱਠ ਨਹੀਂ ਕਰਨਾ ਚਾਹੁੰਦੇ ਸਨ।

ਸ. ਭਗਤ ਸਿੰਘ ਦੇ ਦੂਜੇ ਇਨਕਲਾਬੀ ਆਗੂ ਸ਼ਚਿੰਦਰ ਨਾਥ ਸਾਨਿਆਲ ਸਨ। ਉਹ ਉਸ ਸਮੇਂ ਕਾਕੋਰੀ ਸਾਜ਼ਸ਼ ਕੇਸ ਵਿੱਚ ਉਮਰ ਕੈਦ ਭੁਗਤ ਰਹੇ ਸਨ। ਉਸ ਬਾਰੇ ਲਿਖਦਿਆਂ ਉਹਨਾਂ ਕਿਹਾ :

"28 ਜਨਵਰੀ 1925 ਨੂੰ ਪੂਰੇ ਭਾਰਤ ਵਿੱਚ ਜੋ **'ਦੀ ਰੈਵੂਲੇਸ਼ਨਰੀ'** (ਇਨਕਲਾਬੀ) ਪਰਚਾ ਵੰਡਿਆ ਗਿਆ ਸੀ, ਉਹਨਾਂ ਦੀ ਹੀ ਬੌਧਿਕ ਮਿਹਨਤ ਦਾ ਸਿੱਟਾ ਸੀ। ਇਸ ਪ੍ਰਕਾਰ ਦੇ ਗੁਪਤ ਕੰਮਾਂ ਵਿੱਚ ਕੋਈ ਪ੍ਰਮੁੱਖ ਨੇਤਾ ਲਾਜ਼ਮੀ, ਆਪਣੇ ਵਿਚਾਰਾਂ ਨੂੰ ਹੀ ਪੇਸ਼ ਕਰਦਾ ਹੈ, ਜੋ ਉਸਨੂੰ ਆਪ ਬਹੁਤ ਹੀ ਪਿਆਰੇ ਹੁੰਦੇ ਹਨ ਅਤੇ ਹੋਰਨਾਂ ਵਰਕਰਾਂ ਨੂੰ, ਉਸ ਨਾਲ ਸਹਿਮਤ ਹੋਣਾ ਪੈਂਦਾ ਹੈ। ਉਹਨਾਂ ਮਤਭੇਦਾਂ ਦੇ ਬਾਵਜੂਦ ਜੋ ਉਹਨਾਂ ਨੂੰ ਹੋ ਸਕਦੇ ਹਨ। ਉਸ ਪਰਚੇ ਵਿੱਚ ਇੱਕ ਪੂਰਾ ਪਹਿਰਾ ਉਸ ਸਰਵਸ਼ਕਤੀ ਮਾਨ, ਉਸਦੀ ਲੀਲ੍ਹਾ ਅਤੇ ਕੰਮਾਂ ਦੀ ਪ੍ਰਸੰਸਾ ਵਿੱਚ ਭਰਿਆ ਹੋਇਆ ਸੀ।" (ਪੰਨਾ-11)

ਸ੍ਰੀ ਸਾਨਿਆਲ ਸੰਬੰਧੀ ਉਪਰੋਕਤ ਹਵਾਲੇ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਜ਼ਰੂਰੀ ਨਹੀਂ ਹੁੰਦਾ ਕਿ ਹਰ ਇਨਕਲਾਬੀ ਨਾਸਤਿਕ ਹੁੰਦਾ ਹੈ। ਆਸਤਿਕਤਾ, ਨਾਸਤਿਕਤਾ ਤਾਂ ਵਿਅਕਤੀ ਦੀ ਸਮਝ ਉੱਪਰ ਨਿਰਭਰ ਕਰਦੀ ਹੈ। ਜੇਕਰ ਕੋਈ ਵਿਅਕਤੀ ਸ੍ਰਿਸ਼ਟੀ ਦੀ ਹੋਂਦ ਬਾਰੇ ਵਿਗਿਆਨਕ ਸਮਝ ਪ੍ਰਾਪਤ ਕਰਕੇ ਉਸਨੂੰ ਆਪਣੀ ਸਮਝ ਵਿੱਚ ਆਤਮਸਾਤ ਕਰ ਲੈਂਦਾ ਹੈ ਤੇ ਉਸਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸੰਸਾਰ ਦੀ ਉਤਪਤੀ ਦਾ ਵਿਕਾਸ ਕਿਸ ਤਰ੍ਹਾਂ ਪੜਾ ਦਰ ਪੜਾ ਲੱਖਾਂ ਸਾਲਾਂ ਵਿੱਚ ਹੋਇਆ। ਸਾਡੇ ਸਮੇਂ ਵਿੱਚ ਅਨੇਕਾਂ (ਲੱਖਾਂ ਵਿੱਚ) ਵਿਗਿਆਨ ਦੇ ਅਧਿਆਪਕ, ਡਾਕਟਰ ਅਤੇ ਹੋਰ ਸਮਾਜਕ ਵਿਗਿਆਨ ਦੇ ਮਾਹਿਰ ਈਸ਼ਵਰ ਦੀ ਹੋਂਦ ਪ੍ਰਤੀ ਆਪਣੇ ਪਿਤਾ ਪੁਰਖੀ ਤੇ ਪਰੰਪਰਾਗਤ ਵਿਚਾਰਾਂ ਦੇ ਅੰਧ ਵਿਸ਼ਵਾਸ ਤੋਂ ਖਹਿੜਾ ਨਹੀਂ ਛੁਡਾ ਸਕੇ ਹਨ। ਸੋ ਗੱਲ ਕੇਵਲ ਪੜ੍ਹਨ ਦੀ ਹੀ ਨਹੀਂ, ਪੜ੍ਹੇ ਵਿਗਿਆਨ ਨੂੰ ਸਮਝ ਦਾ ਹਿੱਸਾ ਬਣਾਉਣ ਦੀ ਹੀ ਹੈ।

ਦੂਸਰਾ ਇਹ ਪੱਖ ਵੀ ਹੈ ਕਿ ਸਾਨਿਆਲ ਦੇ ਜੀਵਨ ਕਾਰਜ ਤੋਂ ਇਹ ਸਿੱਧ ਹੁੰਦਾ ਹੈ ਕਿ ਉਹਨਾਂ ਦੀ ਲਿਖਤ ਦੇਸ਼ ਭਰ ਵਿੱਚ ਵੰਡੀ ਗਈ ਹੋਵੇ। ਇਸ ਨਾਲ ਉਹਨਾਂ ਨੂੰ ਭਰਪੂਰ ਪ੍ਰਸੰਸਾ ਤੇ ਸਤਿਕਾਰ ਵੀ ਪ੍ਰਾਪਤ ਹੋਇਆ, ਉਹਨਾਂ ਵਿੱਚ ਕੋਈ ਹੰਕਾਰ ਜਾਂ ਘਮੰਡ ਦਾ ਕਿਣਕਾ ਤੱਕ ਪੈਦਾ ਨਹੀਂ ਹੋਇਆ ਸਗੋਂ ਉਹ ਪੂਰਾ ਆਸਤਿਕ ਰਿਹਾ। ਸੋ ਘਮੰਡ ਦਾ ਸੰਬੰਧ ਨਾ ਆਸਤਿਕਤਾ ਨਾਲ ਹੈ ਅਤੇ ਨਾ ਹੀ ਨਾਸਤਿਕਤਾ ਨਾਲ ਹੈ। ਸਗੋਂ ਇਹ ਇੱਕ ਔਗੁਣ ਹੈ ਜੋ ਕਿਸੇ ਨੂੰ ਵੀ ਕਲੰਕਤ ਕਰ ਸਕਦਾ ਹੈ।

ਇਹ ਸੰਭਵ ਹੈ ਕਿ ਇੱਕ ਨਾਸਤਿਕ, ਆਸਤਿਕਾਂ ਦੇ ਵਿਸ਼ਵਾਸਾਂ ਬਾਰੇ ਇਨ੍ਹਾਂ ਦੀ ਈਸ਼ਵਰ ਸੰਬੰਧੀ ਕਲਪਨਾ ਬਾਰੇ, ਈਸ਼ਵਰ ਨਾਲ ਜੋੜੇ ਗਏ ਅਨੇਕਾਂ ਵਿਸ਼ੇਸਣੀ ਸ਼ਬਦਾਂ ਦੇ ਅਰਥਾਂ ਬਾਰੇ ਅਤੇ ਈਸ਼ਵਰ ਦੀ ਹੋਂਦ ਦਾ ਵਿਸ਼ਵਾਸ ਕਿਵੇਂ ਅਗਿਆਨਤਾ ਤੋਂ ਪੈਦਾ ਹੋ ਕੇ ਭੈ/ਭਰਮ ਕਮਜ਼ੋਰੀ, ਦਾਸਤਾਂ, ਨਿਮਰਤਾ ਆਦਿ ਰਾਹੀਂ ਹੁੰਦਾ ਹੋਇਆ ਅੱਜ ਤੱਕ ਪੁੱਜਿਆ ਹੈ। ਪਰ ਇੱਕ ਆਸਤਿਕ ਇਹ ਕਲਪਨਾ ਵੀ ਨਹੀਂ ਕਰ ਸਕਦਾ ਕਿ ਇੱਕ ਨਾਸਤਿਕ ਕਿਉਂ ਰੱਬ ਦੀ ਹੋਂਦ ਤੋਂ ਇਨਕਾਰੀ ਹੈ ? ਉਸਨੂੰ ਰੱਬ ਤੋਂ ਕੀ ਡਰ ਨਹੀਂ ਲਗਦਾ ? ਇੱਕ ਨਾਸਤਿਕ ਕਿਉਂ ਨਿਡਰ, ਨਿਰਭੈ, ਸਵੈਵਿਸ਼ਵਾਸੀ, ਤਰਕਸ਼ੀਲ, ਆਵਾਗਵਨ ਵਿੱਚ ਯਕੀਨ ਕਿਉਂ ਨਹੀਂ ਰਖਦਾ ਅਤੇ ਉਹ ਗ਼ਰੀਬੀ ਅਮੀਰੀ ਨੂੰ ਪਿਛਲੇ ਕਰਮਾਂ ਦਾ ਫਲ ਕਿਉਂ ਨਹੀਂ ਮੰਨਦਾ

? ਉਹ ਪੂਜਾ ਪਾਠਾਂ, ਤੀਰਥ ਯਾਤਰਾਵਾਂ, ਸਾਧਾਂ ਸੰਤਾਂ ਦੇ ਪਾਖੰਡਾਂ ਨੂੰ ਉਪਰੋਕਤ ਸਾਰੇ ਸਵਾਲਾਂ ਦੇ ਉੱਤਰ ਦੀ ਸਮਝ ਵਿਗਿਆਨਕ ਸਮਝ, ਸੋਚ ਅਤੇ ਦ੍ਰਿਸ਼ਟੀ ਦੇ ਚਾਨਣ ਕਾਰਨ ਹੀ ਹੈ। ਉਸਨੂੰ ਇਹ ਪਤਾ ਨਹੀਂ ਕਿ ਇੱਕ ਨਾਸਤਿਕ (ਜੋ ਢੁੱਚਰਵਾਜ਼ ਨਹੀਂ ਹੈ) ਵਿਗਿਆਨਕ ਸਮਝ ਦੇ ਕਾਰਨ ਸਥਿਤੀ ਅਤੇ ਸਮੱਸਿਆ ਦੀ ਚੀਰ ਫਾੜ ਕਰਕੇ ਉਸ ਤੋਂ ਨਿਕਲਣ ਦਾ ਰਾਹ ਲੱਭ ਲੈਂਦਾ ਹੈ। ਇੱਕ ਨਾਸਤਿਕ ਹੋਣ ਦਾ ਅਰਥ ਇਹ ਹੀ ਨਹੀਂ ਹੁੰਦਾ ਕਿ ਈਸ਼ਵਰ ਦੀ ਹੋਂਦ ਤੋਂ ਇਨਕਾਰ ਕੀਤਾ ਜਾਵੇ, ਸਗੋਂ ਵਿਗਿਆਨਕ ਦ੍ਰਿਸ਼ਟੀ ਦੇ ਆਧਾਰ ਉੱਪਰ ਸੰਸਾਰ ਉਤਪਤੀ ਦਾ ਗਿਆਨ ਹੋਣਾ ਹੁੰਦਾ ਹੈ। ਭਾਵ ਸਾਡੀ ਸਰਿਸ਼ਟੀ ਅਤੇ ਅਨੰਤ ਬ੍ਰਹਿਮੰਡ ਨੂੰ ਕਿਸੇ ਈਸ਼ਵਰ ਨੇ ਪੈਦਾ ਨਹੀਂ ਕੀਤਾ। ਸਗੋਂ ਇਹ ਸਾਰਾ ਕੁਝ ਪਦਾਰਥ ਦਾ ਵਿਸਤਾਰ ਹੈ। ਪਦਾਰਥ ਦੀ ਇਹ ਸਮਰਥਾ ਹੈ ਕਿ ਉਹ ਇਸ ਸਾਰੇ ਦ੍ਰਿਸ਼ਟੀਮਾਨ ਬ੍ਰਹਿਮੰਡਾਂ ਅਤੇ ਸਾਡੀ ਧਰਤੀ ਦੇ ਸਮੁੱਚੇ ਵਿਸਤਾਰ ਦੇ ਰੂਪ ਵਿੱਚ ਸਹਿਜ ਵਿਕਾਸ ਦੁਆਰਾ ਵਿਕਸਤ ਹੋ ਸਕਦਾ ਹੈ। ਪ੍ਰੰਤੂ ਇਸ ਸਾਰੇ ਵਿਸਤਾਰ ਅਤੇ ਵਿਕਾਸ ਨੂੰ ਪਦਾਰਥ ਕਿਸੇ ਵਿਉਂਤਬੰਦੀ ਅਨੁਸਾਰ ਵਿਸਤਾਰਦਾ ਨਹੀਂ ਹੈ। ਅੰਤ ਨਾ ਹੀ ਇਸ ਨੂੰ ਵਿਉਂਤਬੰਦੀ ਅਨੁਸਾਰ ਸਮੇਟਦਾ ਹੈ। ਸਗੋਂ ਪਦਾਰਥ ਦੀ ਸੰਜੀਵਤਾ ਇਹ ਸਭ ਕੁਝ ਕਰਨ ਦੀ ਸ਼ਕਤੀ ਰੱਖਦੀ ਹੈ। ਇਹ ਪਦਾਰਥ ਹੀ ਪ੍ਰਕਿਰਤੀ ਹੈ। ਪ੍ਰਕਿਰਤੀ ਜਿਸਨੂੰ ਫਾਰਸੀ, ਅਰਬੀ ਅਤੇ ਪੰਜਾਬੀ ਭਾਸ਼ਾ ਵਿੱਚ ਕੁਦਰਤ ਕਹਿੰਦੇ ਹਨ। ਇਹ ਕੁਦਰਤ ਹੀ ਸਰਬ ਵਿਆਪਕ ਅਤੇ ਸਦੀਵੀ ਪ੍ਰਵਰਤਨਸ਼ੀਲ ਹੈ। ਇਹ ਜਾਂ ਵਧਦੀ ਰਹਿੰਦੀ ਹੈ ਜਾਂ ਘਟਦੀ ਭਾਵ ਵਿਣਸਦੀ ਰਹਿੰਦੀ ਹੈ। ਇਸ ਵਿੱਚ ਖੜੋਤ ਨਹੀਂ ਹੈ। ਅਜਿਹੇ ਵਿਗਿਆਨਕ ਦ੍ਰਿਸ਼ਟੀ ਵਾਲੇ ਨਾਸਤਿਕ ਜਾਣਦੇ ਹਨ ਕਿ ਪ੍ਰਕਿਰਤੀ ਦੇ ਭੇਦਾਂ ਨੂੰ ਜਾਣਿਆ ਜਾ ਸਕਦਾ ਹੈ, ਉਸਦੇ ਵਿਕਾਸ ਦੇ ਨਿਯਮਾਂ ਨੂੰ, ਰੂਪਾਂ ਦੀ ਬਣਤਰ ਨੂੰ ਜਾਣਿਆ ਜਾ ਸਕਦਾ ਹੈ ਅਤੇ ਸਮਝਿਆ ਜਾ ਸਕਦਾ ਹੈ। ਇਸ ਪ੍ਰਕਿਰਤੀ ਨੂੰ ਕਿਸੇ ਬਾਹਰੀ ਸ਼ਕਤੀ ਨੇ ਪੈਦਾ ਨਹੀਂ ਕੀਤਾ। ਇਸ ਦਾ ਵਿਸਤਾਰ ਤੇ ਵਿਕਾਸ ਆਪਣੇ ਆਪ ਹੀ ਹੋਇਆ ਹੈ। ਇਹ ਸਵੈ ਭਵੰਮ ਹੈ। ਇਸ ਦਾ ਜਿਵੇਂ ਵਿਸਤਾਰ ਤੇ ਵਿਕਾਸ ਹੋਇਆ ਹੈ ਉਸਨੂੰ ਵਿਗਿਆਨੀਆਂ ਨੇ ਬੜੀ ਹੱਦ ਤੱਕ ਬੁੱਝ ਲਿਆ ਹੈ ਤੇ ਹੋਰ ਹੋਰ, ਸਾਲ ਪ੍ਰਤੀ ਸਾਲ ਬੁੱਝ ਰਹੇ ਹਨ ਤੇ ਹੋਰ ਜਾਨਣ ਲਈ ਯਤਨਸ਼ੀਲ ਹਨ। ਭੇਦਾਂ ਨੂੰ ਜਾਨਣ ਤੋਂ ਭਾਵ ਜਿਵੇਂ ਬਿਜਲੀ ਹੈ, ਐਟਮ ਹੈ, ਇਹ ਪ੍ਰਕਿਰਤੀ ਦੇ ਅੰਸ਼ ਹਨ, ਇਹਨੂੰ ਲੱਭ ਕੇ, ਜਾਣ ਕੇ ਇਹਨਾਂ ਦੀ ਸ਼ਕਤੀ ਤੋਂ ਕੰਮ ਲਿਆ ਜਾ ਰਿਹਾ ਹੈ। ਕਾਰਖਾਨੇ ਚਲਦੇ ਹਨ, ਚਾਨਣ ਹੁੰਦਾ ਹੈ, ਰੋਟੀ ਪਕਦੀ ਹੈ ਆਦਿ। ਪ੍ਰਕਿਰਤੀ ਦਾ ਜਾਣਿਆ ਗਿਆਨ ਅੱਗੋਂ ਕੋਈ ਵੀ ਜਾਣ ਸਕਦਾ ਹੈ ਅਤੇ ਵਰਤੋਂ ਵਿੱਚ ਲਿਆ ਸਕਦਾ ਹੈ। ਟੈਲੀਫੋਨ, ਟੈਲੀਵਿਯਨ, ਹਵਾਈ ਜਹਾਜ਼ ਆਦਿ ਨੂੰ ਕੋਈ ਵੀ ਵਿਦਿਆਰਥੀ ਸਿੱਖ ਸਕਦਾ, ਬਣਾ ਸਕਦਾ ਤੇ ਵਰਤੋਂ ਵਿੱਚ ਲਿਆ ਸਕਦਾ ਹੈ। ਇਹ ਇਸ ਤਰ੍ਹਾਂ ਦਾ ਝੂਠ ਨਹੀਂ ਹੈ ਕਿ ਕਿਸੇ ਸੰਤ ਨੇ ਰੱਬ ਪ੍ਰਾਪਤ ਕਰ ਲਿਆ ਹੈ ਅਤੇ ਚੇਲੇ ਉਸਦਾ ਪ੍ਰਚਾਰ ਕਰਕੇ ਅਗਿਆਨੀ ਲੋਕਾਂ ਨੂੰ ਪਿੱਛੇ ਲਾ ਕੇ ਗੁੰਮਰਾਹ ਕਰਦੇ ਹਨ ਤੇ ਉਹਨਾਂ ਦੀ ਲੁੱਟ ਕਰਦੇ ਹਨ। ਇਹ ਨਹੀਂ ਕਿ ਸੈਂਕੜੇ, ਹਜ਼ਾਰਾਂ, ਲੱਖਾਂ ਲੋਕ ਜਿਵੇਂ ਮਕੈਨਕ ਹੋਣ, ਇਵੇਂ ਲੋਕ ਈਸ਼ਵਰ ਨੂੰ ਪ੍ਰਾਪਤ ਕਰੀ ਤੁਰੇ ਫਿਰਦੇ ਹੋਣ ਤੇ ਉਸ ਦੀ ਸ਼ਕਤੀ ਨਾਲ, ਹਸਪਤਾਲਾਂ ਦੀ ਥਾਂ ਬੀਮਾਰਾਂ ਨੂੰ ਟਿਕਟ ਕੱਟਣ ਵਾਂਗ ਤੰਦਰੁਸਤ ਕਰਕੇ ਤੋਰੀ ਜਾਣ। ਇਸ ਲਈ ਨਾਸਤਿਕ ਹੋਣ ਦਾ ਅਰਥ ਗਿਆਨਵਾਨ ਵਿਗਿਆਨਕ ਦ੍ਰਿਸ਼ਟੀ ਵਾਲਾ ਹੋਣਾ ਹੈ। ਆਸਤਿਕ ਦਾ ਅਰਥ ਈਸ਼ਵਰ ਦੀ ਹੋਂਦ ਵਿੱਚ ਪਰੰਪਰਾਗਤ ਅੰਧਵਿਸ਼ਵਾਸ ਨੂੰ ਕਾਇਮ ਰੱਖਣਾ ਹੈ। ਕਈ ਢੁੱਚਰਬਾਜ ਨਾਸਤਿਕ ਹੁੰਦੇ ਹਨ। ਉਹ ਆਪਣੇ ਮਿੱਤਰ ਆਸਤਿਕਾਂ ਉੱਪਰ ਉਹਨਾਂ ਦੇ ਅੰਧਵਿਸ਼ਵਾਸਾਂ



ਉੱਪਰ ਵਿਅੰਗ ਕਸਕੇ ਖਿੱਲ੍ਹੀ ਉਡਾਉਂਦੇ ਹਨ। ਕਈ ਵਾਰ ਉਹ ਪੁਜਾਰੀਆਂ ਦੇ ਪਾਖੰਡਾਂ ਨੂੰ ਨੰਗਿਆਂ ਕਰਦੇ ਹਨ ਤਰਕਸ਼ੀਲ ਉਹਨਾਂ ਦੇ ਆਪਣੇ ਧਰਮ ਦੀਆਂ ਕਈ ਗੱਲਾਂ ਦੀ ਉਲੰਘਣਾ ਕਰਨ ਉੱਪਰ ਵਿਅੰਗ ਕਰਦੇ ਹਨ ਬੇਸ਼ੱਕ ਨਾਸਤਿਕ ਹੋਣ ਦਾ ਇਹ ਅਰਥ ਨਹੀਂ ਹੈ ਕਿ ਆਸਤਿਕ ਲੋਕਾਂ ਦੇ ਧਾਰਮਿਕ ਅਕੀਦੀਆਂ ਦੇ ਕਾਰਨ ਉਹਨਾਂ ਨੂੰ ਜਿੱਚ ਕੀਤਾ ਜਾਵੇ। ਵੈਸੇ ਢੁੱਚਰੀ ਨਾਸਤਿਕ ਭਾਵੇਂ ਪੂਰੀ ਵਿਗਿਆਨਕ ਸੂਝ ਨਹੀਂ ਰਖਦੇ ਹੁੰਦੇ ਪਰ ਉਹ ਆਪਣੀ ਤਰਕਸ਼ੀਲਤਾ ਦੇ ਕਾਰਨ ਅੰਧਵਿਸ਼ਵਾਸੀ ਆਸਤਿਕਾਂ ਨਾਲੋਂ ਫਿਰ ਵੀ ਚੇਤੰਨ ਹੁੰਦੇ ਹਨ।

ਕਾਕੋਰੀ ਸਾਜ਼ਸ਼ ਕੇਸ ਦੇ ਚਾਰੇ ਦੇਸ਼ ਭਗਤ ਸ਼ਹੀਦਾਂ ਨੇ ਆਪਣੇ ਅੰਤਮ ਦਿਨ ਭਜਨ ਪ੍ਰਾਰਥਨਾ ਵਿੱਚ ਗੁਜਾਰੇ ਸਨ। ਇਹਨਾਂ ਦੇਸ਼ ਭਗਤ ਸ਼ਹੀਦਾਂ ਵਿੱਚ ਪ੍ਰਸਿੱਧ ਉਰਦੂ ਸ਼ਾਇਰ ਰਾਮ ਪ੍ਰਸਾਦ ਬਿਸਮਿਲ ਵੀ ਸੀ। ਜਿਸਦੇ ਇੱਕ ਤਰਾਨੇ ਨੂੰ ਭਗਤ ਸਿੰਘ ਝੂਮ ਝੂਮ ਕੇ ਗਾਇਆ ਕਰਦੇ ਸਨ :

**ਸਰ ਫਰੋਸ਼ੀ ਕੀ ਤਮੰਨਾ, ਅਬ ਹਮਾਰੇ ਦਿਲ ਮੇਂ ਹੈ।**
**ਦੇਖਨਾ ਕਿ ਜ਼ੋਰ ਕਿਤਨਾ ਬਾਜੂਏ ਕਾਤਿਲ ਮੇਂ ਹੈ।**

ਸ਼ਹੀਦ ਬਿਸਮਿਲ ਜੀ ਆਰੀਆ ਸਮਾਜੀ ਵਿਚਾਰਾਂ ਦੇ ਸਨ। ਉਹਨਾਂ ਦਾ ਨਾਸਤਿਕ ਹੋਣਾ ਤਾਂ ਇੱਕ ਪਾਸੇ ਰਿਹਾ ਇੱਕ ਪਾਸੇ ਉਹ ਸੰਧਿਆ-ਤਰਪਨ, ਗਾਇਤਰੀ ਪਾਠ ਆਦਿ ਦੇ ਤਿਆਗਨ ਬਾਰੇ ਵੀ ਨਹੀਂ ਸੋਚ ਸਕਦੇ ਸਨ।

ਸ਼ਾਇਦ ਇਹ ਅੱਠਵੀਂ ਸਦੀ ਈਸਵੀ ਸੀ ਜਦੋਂ ਨਾਸਤਿਕ ਸ਼ਬਦ ਵਧੇਰੇ ਪ੍ਰਚੱਲਤ ਹੋਇਆ। ਨਾਸਤਿਕ ਸ਼ਬਦ ਦਾ ਅਰਥ ਉਸ ਵਿਅਕਤੀ ਤੋਂ ਲਿਆ ਜਾਂਦਾ ਸੀ ਜੋ ਵੇਦਾਂ ਅਤੇ ਵੈਦਿਕ ਕਰਮਕਾਂਡਾਂ ਵਿੱਚ ਵਿਸ਼ਵਾਸ ਨਹੀਂ ਰਖਦਾ ਸੀ। ਆਸਤਿਕ ਜੋ ਵਿਸ਼ਵਾਸ ਰਖਦਾ ਸੀ। ਪ੍ਰੰਤੂ ਸਮੇਂ ਦੇ ਨਾਲ ਇਸਦੇ ਅਰਥ ਈਸ਼ਵਰ ਨੂੰ ਨਾ ਮੰਨਣ ਦੇ ਬਣ ਗਏ।

ਸ. ਭਗਤ ਸਿੰਘ ਨੇ ਸ਼ਹੀਦ ਰਾਜਨ ਲਹਿਰੀ ਦਾ ਜ਼ਿਕਰ ਵੀ ਕੀਤਾ ਹੈ ਜਿਨ੍ਹਾਂ ਆਪਣੇ ਅੰਤਮ ਸਮੇਂ ਗੀਤਾ ਪਾਠ ਅਤੇ ਉਪਨਿਸ਼ਦ ਦੇ ਸ਼ਲੋਕਾਂ ਦੇ ਪਾਠ ਦੀ ਇੱਛਾ ਪ੍ਰਗਟ ਕੀਤੀ ਸੀ।

ਉਹਨਾਂ ਬਿਨਾਂ ਨਾਂ ਲਏ ਇੱਕ ਹੋਰ ਦੇਸ਼ ਭਗਤ ਦਾ ਜ਼ਿਕਰ ਕੀਤਾ ਹੈ ਜਿੰਨਾਂ ਦੇ ਨਾਲ ਉਹਨਾਂ ਇਲਕਲਾਬੀ ਲਹਿਰ ਵਿੱਚ ਕੰਮ ਕੀਤਾ, ਜੋ ਕਦੀ ਪ੍ਰਾਰਥਨਾ ਨਹੀਂ ਕਰਦੇ ਸਨ। ਉਹਨਾਂ ਬਾਰੇ ਉਹਨਾਂ ਲਿਖਿਆ ਕਿ ਉਹ ਕਿਹਾ ਕਰਦੇ ਸਨ :

ਧਰਮ ਸ਼ਾਸਤਰ ਦੇ ਰੂਪ ਵਿਚ ਅੰਧਵਿਸ਼ਵਾਸੀ ਜਾਪਦਾ ਹੈ ਇਥੇ ਦਰਸ਼ਨ ਸ਼ਾਸ਼ਤਰ ਤੋਂ ਉਹਨਾਂ ਦਾ ਭਾਵ ਇਸ ਦੈਵੀ ਕਰਮਕਾਂਡਾਂ ਦੀ ਪੱਧਤੀ ਤੋਂ ਹੈ ਖੋਜ ਦੀਆਂ ਪੁਸਤਕਾਂ ਉਹਨਾਂ ਨੂੰ ਪ੍ਰਾਪਤ ਨਹੀਂ ਹੋ ਸਕੀਆਂ ਹੋਣਗੀਆਂ, ਇਸ ਲਈ ਉਹਨਾਂ ਦੀ ਟਿੱਪਣੀ ਦਾ ਦਰਸ਼ਨ ਸ਼ਾਸ਼ਤਰ ਬਾਰੇ ਵਿਗਿਆਨਕ ਦਾਰਸ਼ਨਿਕਤਾ ਦੇ ਤਰਕ ਵਿਗਿਆਨ ਨਾਲ ਸੰਬੰਧ ਨਹੀਂ ਹੈ।

"**ਦਰਸ਼ਨ ਸ਼ਾਸਤਰ***" ਮਨੱਖ ਦੀ ਕਮਜ਼ੋਰੀ ਅਤੇ ਸੀਮਤ ਗਿਆਨ ਦੇ ਕਾਰਨ ਪੈਦਾ

** ਜਾਪਦਾ ਹੈ ਏਥੇ 'ਦਰਸ਼ਨ ਸ਼ਾਸਤਰ' ਤੋਂ ਉਹਨਾਂ ਦਾ ਭਾਵ ਇਸ ਦੇ ਧਰਮ ਸ਼ਾਸਤਰ ਦੇ ਰੂਪ ਵਿੱਚ ਅੰਧ ਵਿਸ਼ਵਾਸੀ ਕਰਮਕਾਂਡਾਂ ਦੀ ਪੱਧਤੀ ਤੋਂ ਹੈ। ਖੋਜ ਦੀਆਂ ਪੁਸਤਕਾਂ ਉਹਨਾਂ ਨੂੰ ਪ੍ਰਾਪਤ ਨਹੀਂ ਹੋ ਸਕੀਆਂ। ਇਸ ਲਈ ਉਹਨਾਂ ਦੀ ਟਿੱਪਣੀ ਦਾ ਦਰਸ਼ਨ ਸ਼ਾਸਤਰ ਬਾਰੇ ਵਿਗਿਆਨ ਦਾਰਸ਼ਨਿਕ ਦੇ ਤਰਕ ਵਿਗਿਆਨ ਨਾਲ ਸੰਬੰਧ ਨਹੀਂ ਹੈ।*

ਹੁੰਦਾ ਹੈ। ਉਹ ਉਮਰ ਕੈਦ ਕੱਟ ਰਹੇ ਰਹੇ ਸਨ, ਪ੍ਰੰਤੂ ਉਨ੍ਹਾਂ ਵੀ ਕਦੀ ਈਸ਼ਵਰ ਦੀ ਹੋਂਦ ਤੋਂ ਇਨਕਾਰ ਕਰਨ ਦੀ ਹਿੰਮਤ ਨਹੀਂ ਕੀਤੀ ਸੀ।

ਉਪਰੋਕਤ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਸ. ਭਗਤ ਸਿੰਘ ਨਾਸਤਿਕਤਾ ਦੇ ਮਸਲੇ ਉੱਪਰ ਆਪਣੇ ਸਾਥੀਆਂ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਸਨ, ਪ੍ਰੰਤੂ ਖੁੱਲ੍ਹ ਕੇ ਬਹਿਸ ਨਹੀਂ ਕਰਦੇ ਸਨ। ਉਹਨਾਂ ਨੂੰ ਆਪਣੇ ਸਾਥੀਆਂ ਦੇ ਵਿਸ਼ਵਾਸਾਂ ਅਤੇ ਸਮਝਦਾਰੀ ਬਾਰੇ ਪਤਾ ਸੀ ਅਤੇ ਉਹ ਉਨ੍ਹਾਂ ਦੇ ਵਿਸ਼ਵਾਸਾਂ ਦੀ ਕਦਰ ਕਰਦੇ ਸਨ, ਪ੍ਰੰਤੂ ਆਪਣੇ ਈਸ਼ਵਰ ਪ੍ਰਤੀ ਵਿਸ਼ਵਾਸ ਗਿਆਨ ਨੂੰ ਲਗਾਤਾਰ ਅਧਿਐਨ ਦੁਆਰਾ ਸਪਸ਼ਟ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਇਸਦਾ ਅਰਥ ਇਹ ਹੈ ਕਿ ਜਿੱਥੇ ਧਰਮ ਨਿਰਪੱਖਤਾ ਦੇ ਧਾਰਨੀ ਸਨ, ਉੱਥੇ ਈਸ਼ਵਰ ਦੀ ਹੋਂਦ ਦੇ ਅਸਲ ਕਾਰਨਾਂ ਅਤੇ ਸੱਤਾਧਾਰੀਆਂ ਵਲੋਂ ਆਮ ਜਨ ਸਮੂਹ ਦੀ ਗ਼ਰੀਬੀ ਨੂੰ ਕਾਇਮ ਰੱਖਣ, ਉਹਨਾਂ ਦੀ ਮਿਹਨਤ ਦੀ ਲੁੱਟ ਕਰਨ ਅਤੇ ਉਹਨਾਂ ਦੇ ਬਰਾਬਰਤਾ, ਇਨਸਾਫ਼ ਅਤੇ ਚੰਗੇਰੇ ਜੀਵਨ ਲਈ ਸੰਘਰਸ਼ ਤੋਂ ਪਰੇ ਰੱਖਣ ਲਈ ਵਿਚਾਰਧਾਰਕ ਹਥਿਆਰ ਵਜੋਂ ਵਰਤੇ ਜਾਣ ਤੋਂ ਜਾਣੂੰ ਸਨ। ਜੋ ਇਹ ਸਾਬਤ ਹੁੰਦਾ ਕਿ ਈਸ਼ਵਰ ਦੀ ਹੋਂਦ ਤੋਂ ਇਨਕਾਰ ਕਰਨ ਦਾ ਗਿਆਨ ਪ੍ਰਾਪਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਸੋ ਨਾਸਤਿਕ ਬਣਨਾ ਆਸਾਨ ਨਹੀਂ ਹੈ। ਇਹ ਗੰਭੀਰ ਅਧਿਐਨ ਦੀ ਸਾਧਨਾ ਹੈ।

ਇਹ ਅਧਿਐਨ ਤਰਕ ਸੰਗਤ ਵਿਗਿਆਨਕ ਦ੍ਰਿਸ਼ਟੀ ਨਾਲ ਕੀਤਾ ਜਾਣਾ ਹੁੰਦਾ ਹੈ। ਇੱਕ ਸਵਾਲ ਉਠਦਾ ਹੈ ਕਿ ਇੱਕ ਨਾਸਤਿਕ ਈਸ਼ਵਰ ਦੀ ਹੋਂਦ ਉੱਪਰ ਕਿੰਤੂ ਕਰਦਾ ਹੈ ? ਇਸ ਲਈ ਕਿ ਉਹ ਸੋਚਦਾ ਹੈ ਕਿ ਸਮਾਜ ਵਿੱਚ ਲੱਖਾਂ ਕਰੋੜਾਂ ਲੋਕ, ਸਖ਼ਤ ਮਿਹਨਤ ਕਰਨ ਦੇ ਬਾਵਜੂਦ ਕਿਉਂ ਦੁੱਖਾਂ ਭਰਿਆ ਜੀਵਨ ਜੀ ਰਹੇ ਹਨ ? ਕਿਉਂ ਉਹਨਾਂ ਕੋਲ ਰੋਟੀ, ਕੱਪੜਾ, ਮਕਾਨ, ਦੁਆਈ ਆਦਿ ਪ੍ਰਾਪਤ ਕਰਨ ਦੀ ਸਮਰੱਥਾ ਨਹੀਂ ਹੈ ? ਕਿਉਂ ਉਹ ਅਗਿਆਨਤਾ, ਅਨਪੜ੍ਹਤਾ ਤੇ ਅੰਧ ਵਿਸ਼ਵਾਸਾਂ ਕਾਰਨ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਦੇ ਸ਼ਿਕਾਰ ਹੋ ਕੇ ਜ਼ਿਹਨੀ ਅਪਾਹਜਤਾ ਦੇ ਖੂਹ ਵਿੱਚ ਡਿੱਗੇ ਪਏ ਹਨ ? ਉਹ ਜਾਣਦਾ ਹੈ ਕਿ ਲੋਕਾਂ ਦੀ ਮੰਦੀ ਦਸ਼ਾ ਪਿਛਲੇ ਜਨਮ ਦੇ ਮਾੜੇ ਕਰਮਾਂ ਦੇ ਫਲ ਦੇ ਕਾਰਨ ਨਹੀਂ ਹੈ। ਇਹ ਤਾਂ ਸਮਾਜ ਵਿੱਚ ਦੀ ਸ਼੍ਰੇਣੀ ਵੰਡ ਦੇ ਕਾਰਨ ਹੈ ਕਿ ਕੁੱਝ ਲੋਕ ਹਾਕਮ ਸੰਪਤੀ ਤੇ ਪਦਾਰਥਿਕ ਸਾਧਨਾਂ ਦੇ ਮਾਲਕ ਹਨ ਅਤੇ ਕੁਝ ਉਹਨਾਂ ਤੋਂ ਰਹਿਤ ਹਨ ਤੇ ਕੇਵਲ ਮਿਹਨਤ-ਮੁਸ਼ੱਕਤ ਹੀ ਕਰਦੇ ਹਨ। ਨਾਸਤਿਕ ਜਾਣਦੇ ਹਨ ਕਿ ਲੋਕਾਂ ਦੀ ਦਸ਼ਾ, ਪੂਜਾ, ਪਾਠਾਂ, ਅਰਦਾਸਾਂ, ਯੱਗਾਂ, ਹੱਜਾਂ ਅਤੇ ਦਾਨ-ਪੁੰਨ, ਚੜ੍ਹਾਵਿਆਂ, ਸਾਧਾਂ, ਸੰਤਾਂ, ਪੁਜਾਰੀਆਂ, ਕੀਰਤਨੀਆਂ, ਗ੍ਰੰਥੀਆਂ, ਪ੍ਰੋਹਤਾਂ, ਮੁਲਾਣਿਆਂ ਆਦਿ ਦੀਆਂ ਤਜੌਰੀਆਂ ਭਰਨ ਨਾਲ ਗ਼ਰੀਬੀ ਦੂਰ ਨਹੀਂ ਹੁੰਦੀ, ਇਹ ਤਾਂ ਸਮਾਜ ਵਿੱਚ ਦੀ ਕਾਣ ਵੰਡ ਨੂੰ ਖ਼ਤਮ ਕਰਕੇ ਸਾਂਝੀਵਾਲਤਾ ਦੇ ਸਮਾਜ ਦੀ ਸਥਾਪਨਾ ਨਾਲ ਹੀ ਦੂਰ ਹੋ ਸਕਦੀ ਹੈ।

## ਸ. ਭਗਤ ਸਿੰਘ ਦਾ ਸਵੈ ਅਧਿਐਨ

ਸ਼ਹੀਦ ਭਗਤ ਸਿੰਘ ਵਰਗੇ ਸੰਵੇਦਨਸ਼ੀਲਾਂ ਦੀ ਨਾਸਤਿਕਤਾ ਦਾ ਕਾਰਨ ਤਾਂ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿੱਚੋਂ ਕੱਢ ਕੇ ਚੇਤਨ ਹੋ ਕੇ ਚੰਗੇਰੇ ਜੀਵਨ ਦੀ ਸਿਰਜਣਾ ਕਰਨ ਅਤੇ ਸਮਾਜ ਵਿੱਚੋਂ ਨਾਬਰਾਬਰੀ ਅਨਿਆਂ ਦੀ ਜੜ ਪੁੱਟ ਕੇ ਬਰਾਬਰਤਾ ਵਾਲੇ ਸਮਾਜ ਦੀ ਸਥਾਪਨਾ ਕਰਨਾ ਹੁੰਦਾ ਹੈ। ਪ੍ਰੰਤੂ ਕੁਝ ਢੁੱਚਰੀ ਜਾਂ ਸ਼ੁਗਲੀ ਕਿਸਮ ਦੇ ਨਾਸਤਿਕ ਹੁੰਦੇ ਹਨ। ਉਹ ਅੰਧਵਿਸ਼ਵਾਸੀ ਆਸਤਿਕਾਂ ਦੇ ਪੁਜਾਰੀ ਵਰਗ ਦੀਆਂ ਕਰਤੂਤਾਂ ਉੱਪਰ ਵਿਅੰਗ ਕਸਦੇ



ਰਹਿੰਦੇ ਹਨ। ਤਾਂ ਕਿ ਲੋਕ ਇਸ ਤੋਂ ਗਿਆਨ ਪ੍ਰਾਪਤ ਕਰ ਸਕਣ। ਇਹ ਲੋਕ ਪੁਰਾਤਨ ਲੋਕਾਇਤਾਂ ਦੇ ਚਾਰਵਾਕੀਆਂ (ਚਾਰੂ ਭਾਵ ਖ਼ੁਸ਼ ਕਰਨ ਵਾਲਿਆਂ) ਦੀ ਨਾਸਤਿਕਤਾ ਢੁੱਚਰਬਾਜ਼ੀ ਤੱਕ ਸੁੰਗੜ ਕੇ ਰਹਿ ਜਾਂਦੀ ਹੈ। ਫਿਰ ਵੀ ਇਨ੍ਹਾਂ ਦੀ ਸਮਾਜ ਦੇ ਅੰਧ ਵਿਸ਼ਵਾਸਾਂ ਵਿਰੁੱਧ ਸੰਘਰਸ਼ ਵਿੱਚ ਇੱਕ ਦੇਣ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ ਸੰਬੰਧੀ ਪਹਿਲੀ ਪਹੁੰਚ ਵੱਖਰੇ ਤਰ੍ਹਾਂ ਦੀ ਸੀ। ਉਸ ਬਾਰੇ ਉਨ੍ਹਾਂ ਲਿਖਿਆ ਹੈ, ਕਿ 'ਰੋਮਾਂਟਿਕ ਆਦਰਸ਼ਵਾਦੀ ਕਰਾਂਤੀਕਾਰੀ ਵਾਲੇ ਹੀ ਸਨ। (ਪੰਨਾ-9) ਉਸ ਵੇਲੇ ਉਹ ਸੁਤੰਤਰਤਾ ਸੰਗਰਾਮ ਦੀ ਕਰਾਂਤੀਕਾਰੀ ਲਹਿਰ ਦੇ ਆਗੂਆਂ ਦੇ 'ਸੁਜੱਗ' ਪੈਰੋਕਾਰ ਮਾਤਰ ਹੀ ਸਨ। ਉਨ੍ਹਾਂ ਦੇ ਬਣਾਏ ਪ੍ਰੋਗਰਾਮ ਨੂੰ ਅਮਲ ਵਿੱਚ ਲਿਆਉਣਾ ਹੀ, ਉਹਨਾਂ ਲਈ ਇੱਕ ਫਰਜ਼ ਸੀ। ਜਿੰਮੇ ਲੱਗੇ ਕੰਮ ਨੂੰ ਸਰੰਜਾਮ ਦੇਣ ਤੱਕ। ਜਦੋਂ ਮੁੱਖ ਆਗੂ ਜੇਲ੍ਹਾਂ ਵਿੱਚ ਡੱਕੇ ਗਏ ਅਤੇ ਕੁਝ ਸ਼ਹੀਦ ਕਰ ਦਿੱਤੇ ਗਏ ਤਾਂ ਸਾਰੀ ਜ਼ਿੰਮੇਦਾਰੀ ਉਹਨਾਂ ਉੱਪਰ ਆ ਪਈ ਜਾਂ ਉਨ੍ਹਾਂ ਸੰਭਾਲ ਲਈ। ਫਿਰ ਉਹਨਾਂ ਨੂੰ ਅਹਿਸਾਸ ਹੋਇਆ ਕਿ ਜਿਸ ਰਾਹ ਉੱਤੇ ਉਹ ਤੁਰੇ ਹਨ ਉਹ ਕਿੰਨਾ ਵਿਖੜਾ ਹੈ। ਉਹਨਾਂ ਨੇ ਆਪਣੀ ਪਾਰਟੀ ਦੇ ਪ੍ਰੋਗਰਾਮ ਨੂੰ ਅਤੇ ਉਸਦੇ ਇੱਕ ਇੱਕ ਸ਼ਬਦ ਦੇ ਅਰਥ ਨੂੰ ਜਦੋਂ ਪੂਰੀ ਗੰਭੀਰਤਾ ਨਾਲ ਸਮਝਿਆ ਤਾਂ ਉਹ ਬੇਹੱਦ ਸੰਜੀਦਾ ਹੋ ਗਏ। ਉਹਨਾ ਪਹਿਲਾਂ ਕਦੇ ਪ੍ਰੋਗਰਾਮ ਨੂੰ ਇਸ ਤਰ੍ਹਾਂ ਨਹੀਂ ਵਿਚਾਰਿਆ ਸੀ। ਭਾਵੇਂ ਕਿ ਉਹ ਇਸ ਦੀ ਪ੍ਰਾਪਤੀ ਲਈ ਬਚਨਬੱਧ ਸਨ ਅਤੇ ਹਰ ਕੁਰਬਾਨੀ ਲਈ ਤਿਆਰ ਵੀ ਸਨ। ਉਹ ਲਿਖਦੇ ਹਨ :

"ਹੁਣ ਆਪਣੇ ਮੋਢਿਆਂ ਉੱਪਰ ਜ਼ਿੰਮੇਵਾਰੀ ਚੁੱਕਣ ਦਾ ਸਮਾਂ ਆਇਆ ਸੀ। ਕੁਝ ਸਮੇਂ ਤੱਕ ਤਾਂ ਗੈਰਯਕੀਨੀ ਦੀ ਅਵਸਥਾ ਕਾਰਨ ਪਾਰਟੀ ਦੀ ਹੋਂਦ ਹੀ ਅਸੰਭਵ ਜਿਹੀ ਜਾਪੀ। ਉਤਸ਼ਾਹੀ ਕਾਮਰੇਡਾਂ ਨੇ ਨਹੀਂ ਸਗੋਂ ਲੀਡਰਾਂ ਨੇ ਵੀ ਸਾਡੀ ਖਿੱਲੀ ਉਡਾਈ।" ਉਨ੍ਹਾਂ ਅੱਗੇ ਲਿਖਿਆ, "ਉਹ ਮੇਰੇ ਇਨਕਲਾਬੀ ਜੀਵਨ ਦਾ ਇੱਕ ਨਿਰਨਾਇਕ ਬਿੰਦੂ ਸੀ। ਰਾਜਨੀਤਕ ਜੀਵਨ ਵਿੱਚ ਜਦੋਂ ਜਥੇਬੰਦੀ ਗੰਭੀਰ ਸੰਕਟ ਵਿੱਚ ਹੁੰਦੀ ਹੈ ਤਾਂ ਬਹੁਤ ਸਾਰੇ ਮੈਂਬਰਾਂ ਦਾ ਡੋਲ ਜਾਣਾ ਸੰਭਵ ਹੋ ਜਾਂਦਾ ਹੈ। ਪ੍ਰੰਤੂ ਜਿਹੜੇ ਦ੍ਰਿੜ ਹੁੰਦੇ ਹਨ, ਭਾਵੇਂ ਉਹਨਾਂ ਦੀ ਰਾਜਨੀਤਕ ਸਮਝ ਉੱਪਰ ਪੂਰੀ ਪਕੜ ਨਾ ਵੀ ਹੋਵੇ, ਪਰ ਇਹ ਪਕੜ ਪ੍ਰਾਪਤ ਕਰਨ ਦੀ ਉਤਸੁਕਤਾ ਰੱਖਦੇ ਹੁੰਦੇ ਹਨ, ਅਜਿਹੇ ਸੰਕਟਾਂ ਵਿੱਚੋਂ ਸਫਲਤਾ ਨਾਲ ਨਿਕਲ ਜਾਂਦੇ ਹਨ ਅਤੇ ਉਹਨਾਂ ਉੱਤੇ ਕਾਬੂ ਪਾ ਲੈਂਦੇ ਹਨ। ਅਜਿਹਾ ਕੇਵਲ ਜਥੇਬੰਦੀ ਨਾਲ ਜੁੜੇ ਰਹਿਣ ਨਾਲ ਹੀ ਨਹੀਂ ਹੋ ਜਾਂਦਾ ਸਗੋਂ ਵਿਚਾਰਧਾਰਕ ਡੂੰਘੇ ਅਧਿਐਨ ਨਾਲ ਹੀ ਸੰਭਵ ਹੁੰਦਾ ਹੈ।"

ਉਹਨਾਂ ਲਿਖਿਆ, "ਅਧਿਐਨ ਕਰਨ' ਦੀ ਤਿੱਖੀ ਆਵਾਜ਼ ਮੇਰੇ ਕੰਨਾਂ ਵਿੱਚ ਗੂੰਜਦੀ ਸੀ। ਵਿਰੋਧੀਆਂ ਦੇ ਤਰਕਾਂ ਦਾ ਉੱਤਰ ਦੇਣ ਦੇ ਯੋਗ ਹੋਣ ਲਈ ਅਧਿਐਨ ਕਰ! ਆਪਣੇ ਵਿਚਾਰਾਂ ਦੇ ਸਮਰਥਨ ਵਿੱਚ ਤਰਕ ਨਾਲ ਗੱਲ ਕਰਨ ਦੇ ਯੋਗ ਹੋਣ ਲਈ, ਅਧਿਐਨ ਕਰ! ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ। ਇਸ ਨਾਲ ਮੇਰੇ ਪੁਰਾਣੇ ਵਿਚਾਰ ਅਤੇ ਵਿਸ਼ਵਾਸ ਹੈਰਾਨੀ ਜਨਕ ਢੰਗ ਨਾਲ ਬਦਲ ਗਏ।" (ਪੰਨਾ-9)

ਅਸੀਂ ਪਾਰਟੀ ਦੀਆਂ ਸਫਾਂ ਵਿੱਚ ਦੇਖ ਸਕਦੇ ਹਾਂ ਕਿ ਅਨੇਕਾਂ ਲੋਕ ਆਪਣੇ ਰਾਜਨੀਤਕ ਜੀਵਨ ਵਿੱਚ ਪੂਰੇ ਉਤਸ਼ਾਹ ਨਾਲ ਸਰਗਰਮੀਆਂ ਆਰੰਭ ਕਰਦੇ ਹਨ ਪ੍ਰੰਤੂ ਅਧਿਐਨ ਦੀ ਘਾਟ ਦੇ ਕਾਰਨ ਪਛੜ ਜਾਂਦੇ ਹਨ। ਉਹ ਆਪਣੇ ਆਪ ਦਾ ਨੁਕਸਾਨ ਹੀ ਨਹੀਂ ਕਰ ਰਹੇ ਹੁੰਦੇ ਸਗੋਂ ਪਾਰਟੀ ਮੈਂਬਰ ਹੋਣ ਦੇ ਨਾਤੇ ਬੌਧਿਕ ਵਿਕਾਸ ਵਿੱਚ ਪਛੜਨ ਦੇ ਕਾਰਨ ਆਪਣੀ ਪਾਰਟੀ ਦਾ ਵੀ ਦੂਹਰਾ ਨੁਕਸਾਨ ਕਰ ਰਹੇ ਹੁੰਦੇ ਹਨ। ਇੱਕ ਆਪਣੇ ਮੈਂਬਰ

ਦੇ ਰੂਪ ਵਿੱਚ ਦੂਜੇ ਪਾਰਟੀ ਵਿੱਚ ਮੂਹਰਲੇ ਕਤਾਰ ਵਿੱਚ ਹੋਣ ਦੀ ਥਾਂ ਪਿਛਲੀ ਕਤਾਰ ਵਿੱਚ ਰਹਿ ਜਾਣ ਦੇ ਕਾਰਨ।

ਅਧਿਐਨ ਨਾਲ ਵਿਚਾਰਧਾਰਕ ਸਪਸ਼ਟਤਾ ਹੁੰਦੀ ਹੈ। ਇਸਦੀ ਅਣਹੋਂਦ ਵਿੱਚ ਕੇਵਲ ਅਮਲੀ ਸਰਗਰਮੀ, ਇੱਕ ਲੱਤ ਉਪਰ ਤੁਰਨ ਦੇ ਸਮਾਨ ਹੁੰਦਾ ਹੈ। ਅਮਲੀ ਸਰਗਰਮੀ ਤੋਂ ਬਿਨਾਂ ਸਿਧਾਂਤਕ ਮਗ਼ਜ਼ਪਚੀ ਵੀ ਸਿਰਫ ਬੌਧਿਕ ਆਯਾਸ਼ੀ ਹੀ ਬਣਕੇ ਰਹਿ ਜਾਂਦੀ ਹੈ। ਦੋਵਾਂ ਦੇ ਸੁਮੇਲ ਤੋਂ ਬਿਨਾਂ ਇਹਨਾਂ ਦੇ ਨਤੀਜੇ ਸੀਮਤ ਹੀ ਰਹਿ ਜਾਂਦੇ ਹਨ। ਅਜਿਹੇ ਇਕਹਿਰੇ ਖੇਤਰ ਦਾ ਵਿਅਕਤੀ ਪਿਛਲੱਗ ਪੈਰੋਕਾਰ ਤੋਂ ਸਿਵਾ ਕੁਝ ਵੀ ਹੋਰ ਨਹੀਂ ਹੁੰਦਾ।

ਜਦੋਂ ਉਹਨਾਂ ਨੂੰ ਪਾਰਟੀ ਪ੍ਰੋਗਰਾਮਾਂ ਦੇ ਉਦੇਸ਼ਾਂ ਦੀ ਸਮਝ ਲੱਗੀ ਤਾਂ ਉਹਨਾਂ ਦੀ ਸਮਝ ਆਸਤਿਕਤਾ ਉੱਪਰ ਕਿੰਤੂ ਕਰਨ ਲੱਗੀ। ਉਹ ਸਮਾਜਕ, ਆਰਥਿਕ ਅਤੇ ਰਾਜਨੀਤਕ ਵਿਸ਼ਿਆਂ ਨਾਲ ਸੰਬੰਧਿਤ ਸਾਹਿਤ ਦਾ ਗੰਭੀਰਤਾ ਨਾਲ ਅਧਿਐਨ ਕਰਨ ਵਿੱਚ ਜੁਟ ਗਏ। ਉਹਨਾਂ ਨੂੰ ਪਾਰਟੀ ਪ੍ਰੋਗਰਾਮ ਦੇ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਆਸਤਿਕਤਾ ਇੱਕ ਵੱਡੀ ਅੜਚਿਨ ਮਹਿਸੂਸ ਹੋਈ। ਫਿਰ ਸ੍ਰਿਸ਼ਟੀ ਦੀ ਹੋਂਦ ਅਤੇ ਰੱਬ ਬਾਰੇ ਸਥਾਪਤ ਵਿਚਾਰਾਂ ਨੂੰ ਵਿਗਿਆਨ ਦ੍ਰਿਸ਼ਟੀ ਨਾਲ ਵਿਚਾਰਿਆ ਅਤੇ ਨਾਸਤਿਕਤਾ ਦੇ ਵਿਗਿਆਨਕ ਆਧਾਰ ਦੀ ਸਮਝ ਪ੍ਰਾਪਤ ਕੀਤੀ। ਇਸ ਦੁਆਰਾ ਉਹਨਾਂ ਨੇ ਸਮਝ ਲਿਆ ਕਿ ਪਾਰਟੀ ਪ੍ਰੋਗਰਾਮ ਦੇ ਉਦੇਸ਼ਾਂ ਦੀ ਪ੍ਰਾਪਤੀ ਕੇਵਲ ਜੋਸ਼ ਅਤੇ ਸ਼ਹਾਦਤ ਪਾ ਜਾਣ ਨਾਲ ਹੀ ਪ੍ਰਾਪਤ ਨਹੀਂ ਹੁੰਦੀ। ਨਾ ਹੀ ਰਾਜ ਸੱਤਾ ਦੇ ਕੁਝ ਆਗੂਆਂ ਅਤੇ ਅਧਿਕਾਰੀਆਂ ਦੀ ਹੱਤਿਆ ਹੀ ਸਮਾਜਵਾਦੀ ਉਦੇਸ਼ਾਂ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਸਹਾਈ ਹੋ ਸਕਦੀ ਹੈ। ਸਗੋਂ ਇਸ ਤਰ੍ਹਾਂ ਲਹਿਰ ਨੂੰ ਨੁਕਸਾਨ ਹੀ ਪਹੁੰਚ ਸਕਦਾ। ਇਸ ਦੀ ਪ੍ਰਾਪਤੀ ਵਿਸ਼ਾਲ ਜਨ-ਸਮੂਹ ਦੀ ਚੇਤਨਾ, ਜਥੇਬੰਦੀ, ਉਦੇਸ਼ਾਂ ਪ੍ਰਤੀ ਜਾਗਰੂਕਤਾ, ਆਪਣੀ ਤੇ ਹਾਕਮਾਂ ਦੀ ਸੈਨਿਕ ਖ਼ਾਸੇ ਦੀ ਸਮਝ ਨਾਲ ਕੀਤੇ ਰਾਜਨੀਤਕ ਐਕਸ਼ਨਾਂ ਦੁਆਰਾ ਹੀ ਪ੍ਰਾਪਤ ਕੀਤੀ ਜਾਣੀ ਸੰਭਵ ਹੈ। ਉਹ ਲਿਖਦੇ ਹਨ, **"ਹਿੰਸਕ ਤਰੀਕਿਆਂ ਨੂੰ ਅਪਣਾਉਣ ਦਾ ਰੋਮਾਂਸ, ਜੋ ਕਿ ਸਾਡੇ ਪੁਰਾਣੇ ਸਾਥੀਆਂ ਉੱਪਰ ਭਾਰੂ ਸੀ, ਦੀ ਥਾਂ ਗੰਭੀਰ ਵਿਚਾਰਾਂ ਨੇ ਮੱਲ ਲਈ। ਨਾ ਰਹੱਸਵਾਦ, ਨਾ ਹੀ ਅੰਧਵਿਸ਼ਵਾਸ, ਯਥਾਰਥਵਾਦ ਸਾਡਾ ਆਧਾਰ ਬਣ ਗਿਆ। ਹਿੰਸਾ ਦੀ ਵਰਤੋਂ ਤਦ ਹੀ ਦਰੁਸਤ ਹੈ ਜਦੋਂ ਇਸ ਤੋਂ ਬਿਨਾਂ ਕਿਸੇ ਬੇਹੱਦ ਔਖੀ ਸਥਿਤੀ ਵਿਚੋਂ ਨਿਕਲਣ ਦਾ ਕੋਈ ਹੋਰ ਰਾਹ ਨਾ ਰਹਿ ਗਿਆ ਹੋਵੇ। ਅਹਿੰਸਾ ਸਾਰੇ ਜਨਤਕ ਅੰਦੋਲਨਾਂ ਦਾ ਲਾਜ਼ਮੀ ਸਿਧਾਂਤ ਹੋਣਾ ਚਾਹੀਦਾ ਹੈ।"** (ਪੰਨਾ 9) ਜ਼ੋਰ ਸਾਡਾ

ਅਜਿਹਾ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਆਪਣੇ ਰਾਜਨੀਤਕ ਉਦੇਸ਼ਾਂ ਸੰਬੰਧੀ ਪੂਰੀ ਸਪਸ਼ਟਤਾ ਹੋਵੇ ਅਤੇ ਉਹਨਾਂ ਦੀ ਪ੍ਰਾਪਤੀ ਲਈ ਜਦੋ ਜਹਿਦ ਦਾ ਆਧਾਰ ਇਹ ਸਪਸ਼ਟਤਾ ਹੀ ਬਣਦੀ ਹੈ। ਰਾਜਨੀਤੀ ਵਿਚ ਕਦੇ ਬੇਲਚਕ ਨਹੀਂ ਹੋਇਆ ਜਾ ਸਕਦਾ ਅਤੇ ਸਿਧਾਂਤਕ ਪੁਜੀਸ਼ਨਾਂ ਵਿਚ ਕਦੇ ਲਚਕ ਨਹੀਂ ਆਉਣੀ ਚਾਹੀਦੀ। ਇਸ ਅਸੂਲ ਦੀ ਉਲੰਘਣਾ ਰਾਜਨੀਤਕ ਲਹਿਰ ਨੂੰ ਬੇਹੱਦ ਮਹਿੰਗੀ ਪੈ ਸਕਦੀ ਹੈ। ਉਹਨਾਂ ਦੀ ਆਪਣੀ ਮਿਸਾਲ ਇਸਦੀ ਉਦਾਹਰਣ ਹੈ।

1925-26 ਵਿਚ ਇਨਕਲਾਬੀ ਸਰਗਰਮੀਆਂ ਠੰਡੀਆਂ ਪੈ ਗਈਆਂ ਸਨ। ਮਹਾਤਮਾ ਗਾਂਧੀ ਦੀ ਨਾ ਮਿਲਵਰਤਨ ਲਹਿਰ ਜ਼ੋਰਾਂ ਉੱਤੇ ਸੀ। ਇਨਕਲਾਬੀ ਗਰੁੱਪਾਂ ਦੀ ਇਸ ਨਾਲ ਅਸਹਿਮਤੀ ਹੋਣ ਕਾਰਨ, ਸ. ਭਗਤ ਸਿੰਘ ਹੋਰੀਂ ਇਸ ਵਿਚ ਹਿੱਸਾ ਨਹੀਂ ਲੈ ਰਹੇ ਸਨ।



ਇਹ ਸਮਾਂ ਉਹਨਾਂ ਨੇ 'ਅਧਿਐਨ' ਦੇ ਲੇਖੇ ਲਾਇਆ। ਉਹਨਾਂ ਉਸ ਸਮੇਂ ਪ੍ਰਾਪਤ ਕੌਮਾਂਤਰੀ ਸਾਹਿਤ, ਜਿਵੇਂ ਸਮਾਜਵਾਦੀ ਵਿਗਿਆਨਕ ਤੇ ਰਾਜਨੀਤਕ ਸਾਹਿਤ-ਪੁਸਤਕਾਂ ਦਾ ਗੰਭੀਰਤਾ ਨਾਲ ਅਧਿਐਨ ਕੀਤਾ। ਉਹਨਾਂ ਲਿਖਿਆ, "ਮੈਨੂੰ ਸੰਸਾਰ ਇਨਕਲਾਬ ਦੇ ਅਨੇਕਾਂ ਆਦਰਸ਼ਾਂ ਦੇ ਬਾਰੇ ਪੜ੍ਹਨ ਦਾ ਖੂਬ ਮੌਕਾ ਮਿਲਿਆ। ਮੈਂ ਅਰਾਜਕਤਾਵਾਦੀ ਨੇਤਾ ਬਾਕੂਨਨ ਨੂੰ ਪੜ੍ਹਿਆ, ਕਮਿਊਨਿਜ਼ਮ ਦੇ ਪਿਤਾਮਾ ਮਾਰਕਸ ਨੂੰ, ਪਰੰਤੂ ਜ਼ਿਆਦਾ ਲੈਨਿਨ ਅਤੇ ਟਰਾਸਕੀ ਅਤੇ ਹੋਰਾਂ ਲੋਕਾਂ ਨੂੰ ਪੜ੍ਹਿਆ ਜਿਹੜੇ ਆਪਣੇ ਦੇਸ਼ਾਂ ਵਿਚ ਸਫਲਤਾ ਪੂਰਵਕ ਇਨਕਲਾਬ ਲਿਆਏ ਸਨ। ਉਹ ਸਾਰੇ ਨਾਸਤਿਕ ਸਨ।" (ਪੰਨਾ - 10)

ਇਹ ਸਪਸ਼ਟ ਹੈ ਕਿ ਸ. ਭਗਤ ਸਿੰਘ ਦੀ ਨਾਸਤਿਕਤਾ ਵੱਲ ਖਿੱਚ ਕਿਸੇ ਸਸਤੀ ਸ਼ੋਹਰਤ ਜਾਂ ਅਖੌਤੀ ਘਮੰਡ ਵਿਚੋਂ ਨਹੀਂ ਉਪਜੀ ਸੀ ਸਗੋਂ ਸੰਸਾਰ ਦੇ ਇਨਕਲਾਬੀ ਦਾਰਸ਼ਨਿਕਾਂ ਦੀਆਂ ਲਿਖਤਾਂ ਦੇ ਅਧਿਐਨ ਕਰਨ ਤੋਂ ਪ੍ਰਭਾਵ ਵਿਚੋਂ ਪੈਦਾ ਹੋਈ ਸੀ। ਇਹ ਲੇਖਕ ਉਸ ਦੇ ਆਪਣੇ ਰਾਜਨੀਤਕ ਉਦੇਸ਼ਾਂ ਵਾਲੇ ਹੀ ਇਤਿਹਾਸਕ ਵਿਅਕਤੀ ਸਨ। ਉਹਨਾਂ ਬਾਕੂਨਿਨ ਦੀ ਪੁਸਤਕ **"ਈਸ਼ਵਰ ਅਤੇ ਰਾਜ"** ਅਤੇ ਨਿਰਲੰਭ ਸੁਆਮੀ ਦੀ ਪੁਸਤਕ **"ਸਹਿਜ ਗਿਆਨ"** ਦਾ ਅਧਿਐਨ ਕੀਤਾ। ਇਹ ਪੁਸਤਕਾਂ ਨਾਸਤਿਕ ਹੋਣ ਦੇ ਬਾਵਜੂਦ ਵੀ ਰਹੱਸਵਾਦ ਤੋਂ ਮੁਕਤ ਨਹੀਂ ਸਨ। ਉਹਨਾਂ ਨਾਸਤਿਕਤਾ ਦੇ ਇਸ ਵਿਚਾਰ ਅਧਿਐਨ ਤੋਂ ਜੋ ਅੰਤਮ ਨਤੀਜਾ ਕੱਢਿਆ, ਉਹ ਇਹ ਸੀ, "1926 ਦੇ ਅੰਤ ਤੱਕ ਮੈਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਕਿ ਇਕ **ਸਰਬਸ਼ਕਤੀਮਾਨ ਸਰਵੱਗ ਦਾ ਸਿਧਾਂਤ, ਜਿਸ ਨੇ ਬ੍ਰਹਿਮੰਡ ਦੀ ਸਿਰਜਣਾ ਕੀਤੀ, ਇਸ ਨੂੰ ਚਲਾਉਂਦਾ ਹੈ ਅਤੇ ਕੰਟਰੋਲ ਕਰਦਾ ਹੈ, ਨਿਰਾ ਹੀ ਆਧਾਰਹੀਨ ਬੇਹੂਦਾ ਹੈ।"** (ਪੰਨਾ 10, ਜ਼ੋਰ ਸਾਡਾ)

ਇਸ ਸਮੇਂ ਉਹਨਾਂ ਆਪਣੇ ਸਾਥੀਆਂ ਨੂੰ ਦੱਸ ਦਿੱਤਾ ਕਿ ਉਹ ਨਾਸਤਿਕ ਹੈ। ਜਦੋਂ ਉਹਨਾਂ ਅਧਿਐਨ ਦੇ ਆਧਾਰ ਉੱਪਰ ਨਾਸਤਿਕਤਾ ਦਾ ਗਿਆਨ ਗ੍ਰਹਿਣ ਕਰਦਿਆਂ ਇਸ ਵਿਸ਼ੇ ਉੱਪਰ ਉਹਨਾਂ ਨਾਲ ਖੁੱਲ੍ਹ ਕੇ ਬਹਿਸਾਂ ਵੀ ਕੀਤੀਆਂ। ਇਸ ਤੋਂ ਪਿੱਛੋਂ ਉਹ ਨਾਸਤਿਕ ਦੇ ਤੌਰ ਉੱਪਰ ਜਾਣੇ ਤੇ ਸਮਝੇ ਜਾਣ ਲੱਗੇ।

ਮਈ 1927 ਵਿਚ ਜਦੋਂ ਉਹਨਾਂ ਨੂੰ ਅਚਾਨਕ ਪੁਲਿਸ ਹਿਰਾਸਤ ਵਿਚ ਲੈ ਲਿਆ ਗਿਆ ਤਾਂ ਉਹਨਾਂ ਨੂੰ ਨਾਸਤਿਕਤਾ ਦੀ ਕਠਿਨ ਪ੍ਰੀਖਿਆ ਵਿਚੋਂ ਲੰਘਣਾ ਪਿਆ। ਜਦੋਂ ਲਾਹੌਰ ਦੇ ਸੀ.ਆਈ.ਡੀ. ਇਨਸਪੈਕਟਰ ਮਿਸਟਰ ਨੀਊਮੈਨ ਨੇ, ਉਹਨਾਂ ਨੂੰ 'ਕਾਕੋਰੀ ਕੇਸ' ਦੇ ਦੇਸ਼ ਭਗਤਾਂ ਵਿਰੁੱਧ ਬਿਆਨ ਦੇਣ ਲਈ ਦਬਾ ਵੀ ਪਾਇਆ ਅਤੇ ਧਮਕੀਆਂ ਵੀ ਦਿੱਤੀਆਂ। ਜਦੋਂ ਸ. ਭਗਤ ਸਿੰਘ ਨਾ ਮੰਨੇ ਤਾਂ ਉਹਨਾਂ ਦੇ ਮਨੋਬਲ ਨੂੰ ਕਮਜ਼ੋਰ ਕਰਨ ਲਈ, ਦੋਵੇਂ ਵੇਲੇ ਈਸ਼ਵਰ ਅੱਗੇ ਪ੍ਰਾਰਥਨਾ ਕਰਨ ਲਈ ਪਰੇਰਿਆ ਜਾਣ ਲੱਗਾ ਕਿ ਪ੍ਰਾਰਥਨਾ ਕਰਨ ਨਾਲ ਉਹ ਇਸ ਮੁਸੀਬਤ ਤੋਂ ਬਚ ਜਾਏਗਾ। ਉਹ ਲਿਖਦੇ ਹਨ :

**"ਪਰ ਹੁਣ ਮੈਂ ਇਕ ਨਾਸਤਿਕ ਸੀ। ਮੈਂ ਆਪਣੇ ਲਈ ਆਪ ਇਹ ਨਿਸ਼ਚੇ ਕਰਨਾ ਚਾਹੁੰਦਾ ਸੀ ਕਿ ਸ਼ਾਂਤੀ ਅਤੇ ਮੌਜ ਮੇਲੇ ਦੇ ਦਿਨਾਂ ਵਿਚ ਹੀ ਮੈਂ ਨਾਸਤਿਕ ਹੋਣ ਦਾ ਦੰਭ ਕਰਦਾ ਹਾਂ ਜਾਂ ਅਜਿਹੇ ਕਠਿਨ ਸਮੇਂ ਵਿਚ ਵੀ ਮੈਂ ਉਹਨਾਂ ਸਿਧਾਂਤਾਂ ਉੱਤੇ ਅਡੋਲ ਖੜ੍ਹ ਸਕਦਾ ਹਾਂ। ਬਹੁਤ ਸੋਚਣ ਉਪਰੰਤ ਮੈਂ ਇਹ ਨਿਸ਼ਚੇ ਕੀਤਾ ਕਿ ਕਿਸੇ ਵੀ ਤਰ੍ਹਾਂ ਈਸ਼ਵਰ ਉੱਪਰ ਵਿਸ਼ਵਾਸ ਅਤੇ ਪ੍ਰਾਰਥਨਾ ਮੈਂ ਨਹੀਂ ਕਰ ਸਕਦਾ। ਨਹੀਂ, ਮੈਂ ਇਕ ਖਿਣ ਭਰ ਦੇ ਲਈ ਵੀ ਨਹੀਂ ਕੀਤੀ। ਇਹ ਅਸਲੀ ਪ੍ਰੀਖਿਆ ਸੀ।**

**ਇਸ ਵਿਚ ਮੈਂ ਸਫ਼ਲ ਰਿਹਾ। ਇਕ ਖਿਣ ਭਰ ਦੇ ਲਈ ਵੀ ਮੈਂ ਹੋਰ ਗੱਲਾਂ ਦੀ ਕੀਮਤ ਉੱਪਰ ਆਪਣੀ ਗਰਦਨ ਬਚਾਉਣ ਦੀ ਮੇਰੀ ਇੱਛਾ ਨਹੀਂ ਹੋਈ। ਹੁਣ ਮੈਂ ਇਕ ਪੱਕਾ ਅਵਿਸ਼ਵਾਸੀ ਸੀ ਅਤੇ ਉਸ ਵੇਲੇ ਤੋਂ ਲਗਾਤਾਰ ਅੱਜ ਤੱਕ ਹਾਂ।''** (ਪੰਨਾ – 11 ਜ਼ੋਰ ਸਾਡਾ)

ਅਸੀਂ ਦੇਖ ਸਕਦੇ ਹਾਂ ਕਿ ਹਾਕਮ ਕਿਸ ਤਰ੍ਹਾਂ ਇਕ ਦ੍ਰਿੜ ਵਿਅਕਤੀ ਨੂੰ ਵੀ, ਉਸ ਦੇ ਵਿਸ਼ਵਾਸ਼ਾਂ ਤੋਂ ਡੇਗਣ ਲਈ ਮਨੋਵਿਗਿਆਨਕ ਢੰਗ ਵਰਤਦੇ ਹਨ। ਇਹ ਸਿੱਧ ਹੁੰਦਾ ਹੈ ਕਿ ਈਸ਼ਵਰ ਨੂੰ ਮੰਨਣ ਨਾਲ ਮਨ ਅਤੇ ਇਰਾਦਾ ਕਮਜ਼ੋਰ ਹੋ ਜਾਂਦਾ ਹੈ। ਉਸ ਦੀ ਸੰਘਰਸ਼ ਕਰਨ ਦੀ ਸ਼ਕਤੀ ਕਮਜ਼ੋਰ ਪੈ ਜਾਂਦੀ ਹੈ। ਉਹ ਸੰਘਰਸ਼ ਕਰਨ ਦੀ ਥਾਂ ਖਿਆਲੀ ਵਿਸ਼ਵਾਸਾਂ ਦੇ ਆਸਰੇ ਤੇ ਨਿਰਭਰ ਹੋ ਕੇ ਰਹਿ ਜਾਂਦਾ ਹੈ। ਖਾਸ ਕਰਕੇ ਜਦੋਂ ਉਹ ਗ਼ਰੀਬੀ, ਬੇਰੁਜ਼ਗਾਰੀ, ਬੀਮਾਰੀ ਅਤੇ ਕਿਸੇ ਅਚਾਨਕ ਆਈ ਮੁਸੀਬਤ ਵਿਚ ਫਸਿਆ ਹੁੰਦਾ ਹੈ। ਰੱਬ ਦੀ ਸ਼ਰਨ ਜਾਂ ਪ੍ਰਾਰਥਨਾ ਕਰਨ ਵਾਲੇ ਮੁਸ਼ਕਲਾਂ, ਗਰੀਬੀ, ਬੇਰੁਜ਼ਗਾਰੀ, ਬੀਮਾਰੀ ਆਦਿ ਦੇ ਕਾਰਨਾਂ ਤੋਂ ਅਣਜਾਣ ਹੁੰਦੇ ਹਨ। ਉਹ ਗ਼ਰੀਬੀ ਅਤੇ ਅਮੀਰੀ ਨੂੰ ਰੱਬ ਦੀ ਰਜ਼ਾ ਸਮਝਦੇ ਹਨ। ਇਹੋ ਵਿਸ਼ਵਾਸ ਹਾਕਮਾਂ ਦੇ ਲੁਟੇਰੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਦਾ ਹੈ। ਗ਼ਰੀਬੀ ਵਿਚ ਜੀਵਨ ਬਸਰ ਕਰ ਰਹੇ ਕਰੋੜਾਂ ਲੋਕ ਇਸ ਆਸ ਨਾਲ ਰੋਜ਼ ਸੂਲੀ ਚੜ੍ਹਦੇ ਹਨ ਕਿ ਕਿਸੇ ਦਿਨ ਪ੍ਰਭੂ ਉਹਨਾਂ ਉੱਪਰ ਤੁਠੇਗਾ। ਭਲੇ ਦਿਨ ਪਰਤਣਗੇ ਉਹ ਅੱਖ ਦੀ ਫੋਰ ਵਿਚ ਗਰੀਬ ਤੋਂ ਅਮੀਰ ਕਰ ਦਿੰਦਾ ਹੈ ਆਦਿ।

ਵੀਹਵੀਂ ਸਦੀ ਦੇ ਆਖਰੀ ਵਰ੍ਹੇ (1999) ਵਿਚ ਇਹ ਅੰਦਾਜ਼ਾ ਲਾਉਣਾ ਕਠਿਨ ਨਹੀਂ ਹੈ ਕਿ ਰੌਲੇ ਰੱਪੇ ਦੇ ਪ੍ਰਦੂਸ਼ਨ ਉੱਪਰ ਰੋਕ ਲਈ ਬਣੇ ਕਾਨੂੰਨ ਕਿਉਂ ਅਮਲ ਵਿਚ ਨਹੀਂ ਆ ਰਹੇ ਹਨ। ਕਿਉਂ ਸਾਰੇ ਦੇਸ਼ ਵਿਚ ਸਵੇਰ-ਸ਼ਾਮ ਧਰਮ ਸਥਾਨਾਂ ਤੋਂ ਕੰਨ ਪਾੜਵੀਆਂ ਆਵਾਜ਼ਾਂ ਸਪੀਕਰਾਂ ਦੁਆਰਾ ਸ਼ਾਂਤ ਮਾਹੌਲ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ ? ਕਿਉਂ ਰੱਬ ਤੇ ਜਨੂੰਨੀਆਂ ਤੋਂ ਡਰਦੇ ਲੋਕ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣ ਤੋਂ ਡਰਦੇ ਹਨ। ਜੇਕਰ ਕੁਝ ਲੋਕਾਂ ਦੇ ਇਸ ਵਿਚਾਰ ਨੂੰ ਮੰਨ ਲਈਏ ਕਿ ਰੱਬ ਵਿੱਚ ਵਿਸ਼ਵਾਸ ਬੰਦੇ ਨੂੰ ਨਿਰਭੈ ਬਣਾਉਂਦਾ ਹੈ ਤਾਂ ਸਾਡੇ ਦੇਸ਼ ਦੇ ਕਰੋੜਾਂ ਲੋਕ ਗੁਰਬਤ ਦੇ ਕਸ਼ਟਾਂ, ਰਿਸ਼ਵਤ, ਮਹਿੰਗਾਈ, ਸਰਕਾਰੀ-ਗੈਰਸਰਕਾਰੀ ਜਬਰ, ਫਿਰਕੂ ਜਨੂੰਨ ਦੇ ਵਿਰੁੱਧ ਉਠਾਉਣ ਵਾਲੀਆਂ ਲੋਕ ਜਮਹੂਰੀ ਖੱਬੀਆਂ ਪਾਰਟੀਆਂ ਦੇ ਨਾਲ ਮਿਲ ਕੇ ਸੰਘਰਸ਼ ਲਈ ਕਿਉਂ ਨਹੀਂ ਖੜ੍ਹੇ ਹੋ ਜਾਂਦੇ ? ਕਿਉਂਕਿ ਉਹਨਾਂ ਨੂੰ ਇਨ੍ਹਾਂ ਮੁਸ਼ਕਲਾਂ ਦੇ ਕਾਰਨਾਂ ਬਾਰੇ ਗਿਆਨ ਨਹੀਂ ਹੈ ਅਤੇ ਉਹਨਾਂ ਨੂੰ ਅਰਦਾਸਾਂ ਦੇ ਕਾਰਨ ਭਲੇ ਦਿਨਾਂ ਦੀ ਆਸ ਹੈ। ਜਿਉਂ ਜਿਉਂ ਆਰਥਿਕ ਤੇ ਸਮਾਜਿਕ ਜੀਵਨ ਦੀਆਂ ਕਠਿਨਾਈਆਂ ਵਧ ਰਹੀਆਂ ਹਨ, ਆਸਤਿਕਤਾ ਦਾ ਪ੍ਰਚਾਰ, ਫਿਰਕੂ-ਜਨੂੰਨੀ ਭਾਵਨਾਵਾਂ ਉਭਾਰ ਕੇ ਵੱਖੋ ਵੱਖ ਵਿਸ਼ਵਾਸਾਂ ਦੇ ਲੋਕਾਂ ਦੀ ਏਕਤਾ ਤੋੜਨ ਲਈ ਆਪਸ ਵਿੱਚ ਲੜਾਇਆ ਜਾ ਰਿਹਾ, ਦੰਗੇ ਕਰਾਏ ਜਾ ਰਹੇ ਹਨ। ਲੋਕਾਂ ਦੇ ਵਿਸ਼ਵਾਸਾਂ ਦਾ ਨਜ਼ਾਇਜ਼ ਲਾਭ ਉਠਾਇਆ ਜਾ ਰਿਹਾ ਹੈ। ਸ. ਭਗਤ ਸਿੰਘ ਲਿਖਦੇ ਹਨ :

"ਵਿਸ਼ਵਾਸ ਕਸ਼ਟਾਂ ਨੂੰ ਹਲਕਾ ਕਰ ਦਿੰਦਾ ਹੈ। ਇੱਥੋਂ ਤੱਕ ਕਿ ਉਹਨਾਂ ਨੂੰ ਸੁਖਦਾਇਕ ਬਣਾ ਦਿੰਦਾ ਹੈ।" (ਪੰਨਾ-12)

ਜੇਕਰ ਆਸਤਿਕਤਾ ਦਾ ਵਿਸ਼ਵਾਸ ਨਾ ਹੋਵੇਗਾ ਤਾਂ ਵਿਅਕਤੀ ਨੂੰ ਆਪਣੇ ਉੱਪਰ ਨਿਰਭਰ ਹੋਣਾ ਪਵੇਗਾ। ਅਜਿਹਾ ਕਰਨ ਲਈ ਗਿਆਨ ਚੇਤਨਾ ਦੀ ਲੋੜ ਹੁੰਦੀ ਹੈ। ਮੁਸ਼ਕਲਾਂ



ਦੇ ਕਾਰਨਾਂ ਨੂੰ ਸਮਝਣ ਲਈ ਕਿ ਇਹ ਕਿਉਂ ਹਨ ? ਤੇ ਕਿਵੇਂ ਇਨ੍ਹਾਂ ਨੂੰ ਦੂਰ ਕੀਤਾ ਜਾ ਸਕਦਾ ਹੈ ? ਦੇ ਉੱਤਰ ਭਾਲਣ ਲਈ ਸੰਗਠਤ ਹੋ ਕੇ ਸੰਘਰਸ਼ਾਂ ਦੇ ਰਾਹ ਤੁਰਨਾ ਪੈਂਦਾ ਹੈ ਅਤੇ ਨਾਲੋ ਨਾਲ ਹੀ ਅੰਧਵਿਸ਼ਵਾਸ ਤੋਂ ਮੁਕਤ ਹੋਣ ਦਾ ਰਾਹ ਵੀ ਖੁੱਲ੍ਹਦਾ ਜਾਂਦਾ ਹੈ। ਫਿਰ ਸ੍. ਭਗਤ ਸਿੰਘ ਘਮੰਡ ਜਾਂ ਹੰਕਾਰ ਕਾਰਨ ਨਾਸਤਿਕ ਬਣਨ ਦੇ ਮੁੱਢਲੇ ਨੁਕਤੇ ਵੱਲ ਪਰਤਦੇ ਹੋਏ ਕਹਿੰਦੇ ਹਨ, "ਪ੍ਰੀਖਿਆ ਦੀਆਂ ਇਹਨਾਂ ਘੜੀਆਂ ਵਿੱਚ ਹੰਕਾਰ ਜੇਕਰ ਹੋਵੇ ਵੀ ਤਾਂ ਭਾਫ ਬਣ ਕੇ ਉੱਡ ਜਾਂਦਾ ਹੈ।" (ਪੰਨਾ-12)

ਸੋ ਉਹਨਾਂ ਦੇ ਈਸ਼ਵਰ ਵਿੱਚ ਵਿਸ਼ਵਾਸ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਸੀ. ਆਈ. ਡੀ. ਇਨਸਪੈਕਟਰ ਮਿ: ਨੀਊਮੈਨ ਦੇ ਮੌਤ ਦੇ ਡਰਾਵੇ ਅਤੇ ਹੁਣ ਲਾਹੌਰ ਜੇਲ੍ਹ ਵਿੱਚ ਕਿਸੇ ਵੀ ਸਮੇਂ ਮੌਤ ਦੀ ਸਜ਼ਾ ਮਿਲ ਜਾਣ ਤੋਂ ਡਰ ਕੇ ਉਹ ਕਿਵੇਂ ਈਸ਼ਵਰ ਉੱਪਰ ਵਿਸ਼ਵਾਸ ਕਰ ਸਕਦੇ ਸਨ। ਉਹਨਾਂ ਦਾ ਈਸ਼ਵਰ ਵਿੱਚ ਅਵਿਸ਼ਵਾਸ ਕਿਵੇਂ ਘਮੰਡ ਦੇ ਕਾਰਨ ਨਹੀਂ ਸੀ। ਇਹ ਤਾਂ ਉਹਨਾਂ ਦੇ ਵਿਚਾਰਾਂ ਦੀ ਵਿਗਿਆਨਕ ਸਪਸ਼ਟਤਾ ਅਤੇ ਉਹਨਾ ਵੱਲ ਪਹੁੰਚ ਦੇ ਕਾਰਨ ਸੀ।

ਜਿੱਥੇ ਨਿੱਜੀ ਸੁਆਰਥ ਹਨ, ਉੱਥੇ ਡਰ ਹੈ, ਕਰੂਰਤਾ ਹੈ, ਘਮੰਡ ਹੈ ਅਤੇ ਨਿਰਦਾਇਤਾ ਹੈ। ਜਿੱਥੇ ਪਰਉਪਕਾਰ ਹੈ ਉੱਥੇ ਗਿਆਨ ਹੈ, ਸਪਸ਼ਟਤਾ ਹੈ, ਪ੍ਰੇਮ ਹੈ, ਦਇਆ ਹੈ ਅਤੇ ਦ੍ਰਿੜਤਾ, ਸੰਜਮ ਤੇ ਸਵੈ ਅਨੁਸ਼ਾਸਨ ਹੁੰਦਾ ਹੈ। ਇਸ ਤਰ੍ਹਾਂ ਸ. ਭਗਤ ਸਿੰਘ ਨੇ ਕਿਸੇ ਜ਼ਮੀਨ ਦੇ ਟੁਕੜੇ ਉੱਪਰ ਕਬਜ਼ਾ ਕਰਨ ਲਈ ਜਾਂ ਆਪਣੀ ਸਿੱਖੀ-ਸੇਵਕੀ ਤੇ ਚੌਧਰ ਵਧਾਉਣ ਚਮਕਾਉਣ ਲਈ ਨਹੀਂ, ਸਗੋਂ ਵਿਸ਼ਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਰਾਜਨੀਤਕ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਸੁਤੰਤਰਤਾ ਪ੍ਰਾਪਤੀ ਦੇ ਮਹਾਨ ਉਦੇਸ਼ ਲਈ ਆਪਣੇ ਜੀਵਨ ਨੂੰ ਅਰਪਨ ਕੀਤਾ ਹੋਇਆ ਸੀ। ਇਸ ਰਾਹ ਤੇ ਤੁਰਦਿਆਂ ਨਿੱਕੀਆਂ ਕਠਿਨਾਈਆਂ ਤੋਂ ਲੈ ਕੇ ਫਾਂਸੀ ਦੀ ਸਜ਼ਾ ਤੱਕ ਲਈ ਉਹ ਤਿਆਰ ਸਨ। ਸੋ ਇਸ ਉਦੇਸ਼ ਤੱਕ ਉਪੜਨ ਲਈ ਫਾਂਸੀ ਦੇ ਡਰ ਤੋਂ ਉਹ ਆਪਣੀ ਵਿਗਿਆਨਕ ਸਮਝ, ਨਾਸਤਿਕਤਾ ਆਦਿ ਨੂੰ ਤਿਲਾਂਜਲੀ ਕਿਵੇਂ ਦੇ ਸਕਦੇ ਸਨ ? ਉਹ ਤਾਂ ਆਪਣੇ ਪਿਤਾ ਵਲੋਂ ਸਜ਼ਾਏ ਮੌਤ ਉੱਪਰ ਨਜ਼ਰਸਾਨੀ ਲਈ ਅਪੀਲ ਕਰਨ ਲਈ ਵੀ ਸਹਿਮਤ ਨਹੀਂ ਸਨ।

ਵੱਖੋ ਵੱਖ ਧਰਮਾਂ ਵਿੱਚ ਵਿਸ਼ਵਾਸਾਂ ਵਾਲੇ ਲੋਕਾਂ ਦੀਆਂ ਮਰਨ-ਉਪਰੰਤ ਇੱਛਾਵਾਂ ਹੁੰਦੀਆਂ ਹਨ ਕਿ ਮੁਕਤੀ ਜਾਂ ਸਵਰਗ ਪ੍ਰਾਪਤ ਹੋਵੇ। ਉਹਨਾਂ ਦਾ ਵਿਸ਼ਵਾਸ ਸੀ ਕਿ ਇਸ ਜੀਵਨ ਤੋਂ ਪਹਿਲਾਂ ਨਾ ਕੋਈ ਜੀਵਨ ਜਾਂ ਜੂਨੀ ਸੀ ਅਤੇ ਨਾ ਹੀ ਮੌਤ ਪਿੱਛੋਂ ਕੋਈ ਹੋਰ ਜੂਨੀ, ਨਰਕ, ਸੁਰਗ ਭਾਵ ਆਵਾਗਵਨ ਹੀ ਹੈ। ਮੌਤ ਦੀ ਘਟਨਾ ਉੱਪਰ ਜੀਵਨ ਦੀ ਸਮਾਪਤੀ। ਇਸ ਲਈ ਮਰਨ ਸਮੇਂ ਕਿਹੜੀ ਇੱਛਾ ਕੀਤੀ ਜਾ ਸਕਦੀ ਸੀ। ਉਹ ਲਿਖਦੇ ਹਨ, "ਮੈਂ ਕਾਹਦੀ ਇੱਛਾ ਕਰਾਂ ? ਮੈਂ ਜਾਣਦਾ ਹਾਂ ਕਿ ਜਿਹੜੇ ਖਿਣ ਰੱਸੇ ਦੇ ਫੰਦੇ ਵਿੱਚ ਮੇਰੀ ਗਰਦਨ ਪਵੇਗੀ ਅਤੇ ਮੇਰੇ ਪੈਰਾਂ ਹੇਠੋਂ ਤਖ਼ਤਾ ਖਿੱਚ ਲਿਆ ਜਾਵੇਗਾ, ਉਹ ਆਖਰੀ ਹੋਵੇਗਾ, ਉਹ ਅੰਤਮ ਖਿਣ ਹੋਵੇਗਾ। ਅਧਿਆਤਮਿਕ ਸ਼ਬਦਾਂ ਵਿੱਚ ਸੰਖੇਪ ਇਹ ਹੈ ਕਿ ਮੈਂ, ਮੇਰੀ ਆਤਮਾ, ਸਭ ਕੁੱਝ ਇੱਥੇ ਹੀ ਖ਼ਤਮ ਹੋ ਜਾਵੇਗਾ।" (ਪੰਨਾ-12)

ਜਿਹੜੇ ਲੋਕਾਂ ਦੇ ਮਹਾਨ ਉਦੇਸ਼ ਅੱਗੇ ਰੱਖੇ ਹੁੰਦੇ ਹਨ। ਉਹਨਾਂ ਦੀ ਪ੍ਰਾਪਤੀ ਲਈ ਉਹਨਾਂ ਨੇ ਮੌਤ ਦੀ ਪ੍ਰਵਾਹ ਕੀਤੇ ਬਿਨਾਂ ਬਿਖੜੇ ਪੈਂਡਿਆਂ ਨੂੰ ਚੁਣਿਆ ਹੁੰਦਾ ਹੈ। ਉਹ ਸਵਰਗ ਜਾਂ ਮੁਕਤੀ ਦੀ ਇੱਛਾ ਨਹੀਂ ਰਖਦੇ। ਉਹਨਾਂ ਦੀ ਅਜਿਹੀ ਪਹੁੰਚ ਕਿਸੇ ਧਾਰਮਿਕ ਵਿਅਕਤੀ ਦੀ ਇੱਕ ਦੋ ਘੰਟਿਆਂ ਦੀ ਗੱਲਬਾਤ ਨਾਲ ਨਹੀਂ ਬਦਲ ਸਕਦੀ। ਜੇ ਗੱਲਬਾਤ,

ਜੋ ਬਿਨਾਂ ਦਲੀਲ ਦੇ ਸਿਰਫ ਮਿਥਿਹਾਸਕ ਆਧਾਰ ਉੱਪਰ ਕੀਤੀ ਹੋਵੇ ਤਾਂ ਹੋਰ ਵੀ ਪ੍ਰਭਾਵਹੀਣ ਹੋ ਜਾਂਦੀ ਹੈ। ਉਹ ਦੇਸ਼ ਭਗਤੀ ਵਿੱਚ ਆਤਮ ਸਮਰਪਨ ਕਰਨ ਵਾਲੇ ਵਿਅਕਤੀਆਂ ਵੱਲੋਂ ਗੁੱਸੇ ਨਾਲ ਲਿਖਦੇ ਹਨ, "ਉਹਨਾਂ ਤਾਂ ਮਨੁੱਖਤਾ ਦੀ ਗਰਦਨ ਵਿੱਚੋਂ ਦਾਸ ਭਾਵਨਾ ਦਾ ਜੂਆ ਲਾਹ ਸੁੱਟਣ ਅਤੇ (ਮਨੁੱਖਤਾ ਦੀ) ਮੁਕਤੀ ਅਤੇ ਸ਼ਾਂਤੀ ਸਥਾਪਤ ਕਰਨ ਦੇ ਲਈ ਇਸ ਮਾਰਗ ਨੂੰ ਅਪਣਾਇਆ ਹੁੰਦਾ ਹੈ। ਕੀ ਉਹ ਇਸ ਰਸਤੇ ਉੱਪਰ ਚੱਲਣਗੇ ਜਿਹੜੇ ਉਹਨਾਂ ਦੇ ਆਪਣੇ ਲਈ ਖਤਰਨਾਕ ਪ੍ਰੰਤੂ ਉਹਨਾ ਦੀ ਮਹਾਨ ਆਤਮਾ ਦੇ ਲਈ ਇੱਕੋ ਇੱਕ ਕਾਲਪਨਿਕ ਰਸਤਾ ਹੈ ? **ਕੀ ਇਸ ਮਹਾਨ ਉਦੇਸ਼ ਦੇ ਪ੍ਰਤੀ ਉਹਨਾਂ ਦੇ ਇਸ ਗੌਰਵ ਨੂੰ ਘਮੰਡ ਕਹਿ ਕੇ, ਉਸਦੇ ਗਲਤ ਅਰਥ ਲਏ ਜਾਣਗੇ ? ਕੌਣ ਅਜਿਹੇ ਘਿਰਣਤ ਵਿਸ਼ੇਸ਼ਨ ਬੋਲਣ ਦੀ ਹਿੰਮਤ ਕਰ ਸਕਦਾ ਹੈ ?"** (ਪੰਨਾ-12-13 ਜ਼ੋਰ ਸਾਡਾ)

ਜਦੋਂ ਸ. ਭਗਤ ਸਿੰਘ ਉਪਰੋਕਤ ਸਤਰਾਂ ਲਿਖ ਰਹੇ ਹੋਣਗੇ, ਉਹਨਾ ਦੇ ਮਨ ਦੀ ਪੀੜ ਸਿਖਰਾਂ ਸੂਹ ਰਹੀ ਹੋਵੇਗੀ। ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖ਼ਾਤਮੇ ਲਈ, ਜ਼ੁਲਮ ਅਨਿਆਂ ਅਤੇ ਗੁਲਾਮੀ ਦੀ ਜੜ ਪੁੱਟਣ ਲਈ ਜਾਨ ਤੱਕ ਦੀ ਪ੍ਰਵਾਹ ਨਾ ਕਰਨ ਵਾਲੇ ਲੋਕਾਂ ਨੂੰ, ਆਪਣੇ ਹੀ ਹਮਸਫਰਾਂ ਦੇ ਮੂੰਹੋਂ ਘਮੰਡੀ ਵਰਗੇ ਵਿਸ਼ੇਸ਼ਣ ਸੁਣ ਕੇ ਕਿੰਨਾ ਕਸ਼ਟ ਹੋਇਆ ਹੋਵੇਗਾ ਤੇ ਉਸ ਕਸ਼ਟ ਨੂੰ ਉਹਨਾ ਕਿਵੇਂ ਸਹਿ ਕੇ ਪੈਦਾ ਹੋ ਰਹੇ ਗੁੱਸੇ ਨੂੰ ਕੰਟਰੋਲ ਕੀਤਾ ਹੋਵੇਗਾ। ਇਹ ਸ਼ਿਵਲੀ ਦੇ ਫੁੱਲ ਵਰਗੀ ਸੱਟ ਹੋਵੇਗੀ ਤੇ ਅਪਮਾਨ ? ਉਹਨਾਂ ਦੀ ਮਹਾਨਤਾ ਦਾ ਪਤਾ ਇਹਨਾਂ ਸ਼ਬਦਾਂ ਤੋਂ ਲਗਦਾ ਹੈ। ਉਹ ਲਿਖਦੇ ਹਨ, **"ਮੈਂ ਤਾਂ ਉਸਨੂੰ ਆਖਾਂਗਾ ਕਿ ਜਾਂ ਤਾਂ ਉਹ ਮੂਰਖ ਹੈ ਜਾਂ ਪਾਖੰਡੀ ਹੈ। ਸਾਨੂੰ ਚਾਹੀਦਾ ਹੈ ਕਿ ਉਸਨੂੰ ਖ਼ਿਮਾ ਕਰ ਦੇਈਏ। ਕਿਉਂਕਿ ਉਹ ਉਸ ਦਿਲ ਦੀਆਂ ਡੂੰਘਾਈਆਂ, ਸੰਵੇਦਨਾਵਾਂ, ਭਾਵਨਾਵਾਂ ਅਤੇ ਨੇਕ ਇੱਛਾਵਾਂ ਨੂੰ ਮਹਿਸੂਸ ਕਰਨ ਤੋਂ ਅਸਮਰਥ ਹੈ।" (ਪੰਨਾ-13 ਜ਼ੋਰ ਸਾਡਾ) ਇਹ ਲਿਖਦੇ ਹੋਏ ਮਨੁੱਖੀ ਨੈਤਿਕਤਾ ਦੇ ਨਿਰਮਾਣਤਾ ਦੀਆਂ ਉਚਾਈਆਂ ਤੱਕ ਪਹੁੰਚ ਜਾਂਦੇ ਹਨ। ਫਿਰ ਵੀ ਉਹ ਇਨਸਾਨ ਸਨ, ਦੁੱਖ ਤਾਂ ਮਹਿਸੂਸ ਹੁੰਦਾ ਹੀ ਹੈ। ਜਿਵੇਂ ਉਰਦੂ ਦੇ ਮਹਾਨ ਕਵੀ ਗ਼ਾਲਿਬ ਲਿਖਦੇ ਹਨ :**

"ਦਿਲ ਹੀ ਤੋ ਹੈ ਨਾ **ਸੰਗੋ-ਖ਼ਿਸ਼ਤ***, ਦਰਦ ਸੇ ਨਾ ਭਰ ਆਏ ਕਿਉਂ"

ਫਿਰ ਵੀ ਉਹ ਘਮੰਡੀ ਸ਼ਬਦ ਦੇ ਕਸ਼ਟ ਨੂੰ ਇਹ ਕਹਿ ਕੇ ਹੀ ਆਪਣੇ ਮਨ ਨੂੰ ਹੌਲਾ ਕਰ ਲੈਂਦੇ ਹਨ ਕਿ ਉਹਨਾਂ ਨੂੰ ਅਜਿਹਾ ਕਹਿਣ ਵਾਲੇ.......ਦਾ ਦਿਲ ਇੱਕ ਮਾਸ ਦੇ ਟੁਕੜੇ ਦੀ ਤਰ੍ਹਾਂ ਮੁਰਦਾ ਹੈ। ਉਸ ਦੀਆਂ ਅੱਖਾਂ ਉੱਤੇ ਕਿਸੇ ਤਰ੍ਹਾਂ ਦੇ ਸੁਆਰਥ ਦੇ ਪਰੇਤ ਨੇ ਪਰਦਾ ਪਾ ਕੇ ਕਮਜ਼ੋਰ ਕਰ ਦਿੱਤਾ ਹੋਇਆ ਹੈ। ਸਵੈਵਿਸ਼ਵਾਸ ਦੇ ਗੁਣ ਨੂੰ ਹਮੇਸ਼ਾਂ ਹੰਕਾਰ ਕਿਹਾ ਜਾਂਦਾ ਰਿਹਾ ਹੈ। ਇਹ ਅਫਸੋਸਨਾਕ ਅਤੇ ਦੁੱਖਦਾਈ ਹੈ ਪਰ ਕੀ ਕੀਤਾ ਜਾ ਸਕਦਾ ਹੈ।" (ਪੰਨਾ-13 ਜ਼ੋਰ ਸਾਡਾ)

* ਸੰਗੋ-ਖਿਸ਼ਤ - ਪੱਥਰ ਦੀ ਇੱਟ



# ਆਸਤਿਕਤਾ ਤਰਕ ਤੋਂ ਭੱਜਦੀ ਹੈ

ਜਾਪਦਾ ਹੈ ਕਿ ਜਦੋਂ ਬਹਿਸ ਅਜਿਹੇ ਨੁਕਤੇ ਉੱਪਰ ਪੁੱਜ ਗਈ ਕਿ ਸ. ਭਗਤ ਸਿੰਘ ਨੇ ਧਰਮ ਗ੍ਰੰਥਾਂ ਦੀ ਹਵਾਲਾ ਸਮਗਰੀ ਨੂੰ ਆਧਾਰ ਹੀਣ ਤੇ ਵਿਸ਼ਵਾਸ ਨਾ ਕਰਨ ਯੋਗ ਕਹਿ ਦਿੱਤਾ ਹੋਵੇਗਾ। ਕਿਉਂਕਿ ਆਮ ਵਿਅਕਤੀ ਵਿਸ਼ੇਸ਼ ਕਰਕੇ ਆਪਣੇ ਵਿਸ਼ਵਾਸਾਂ ਵਾਲੀ ਧਰਮ ਪੁਸਤਕ, ਉੱਪਰ ਕਿੰਤੂ ਕਰਨ ਤੋਂ ਡਰਦਾ ਹੁੰਦਾ ਹੈ। ਕਈ ਬਾਰ ਕਿੰਤੂ ਕਰ ਸਕਦਾ ਹੋਇਆ ਵੀ ਅਜਿਹਾ ਕਰਨੋਂ ਪਰਹੇਜ਼ ਕਰਦਾ ਹੈ। ਧਰਮ ਪੁਸਤਕ ਵਿੱਚ ਅਜਿਹੀ ਬੇਵਿਸ਼ਵਾਸੀ ਨੂੰ ਆਸਤਿਕ ਲੋਕ ਘੱਟ ਹੀ ਬਰਦਾਸ਼ਤ ਕਰ ਸਕਦੇ ਹੁੰਦੇ ਹਨ। ਤੇ ਉਹ ਅਵਿਸ਼ਵਾਸੀ ਲਈ ਕੋਈ ਵੀ ਤਰਿਸਕਾਰਤ ਸ਼ਬਦ ਜਾਂ ਵਾਕ ਕਹਿ ਸਕਦੇ ਹਨ। ਅਜਿਹਾ ਤਰਕ ਦੇ ਅੱਗੇ ਹਾਰ ਜਾਣ ਤੋਂ ਬਚਣ ਲਈ ਆਖਰੀ ਹਥਿਆਰ ਹੀ ਹੁੰਦਾ ਹੈ। ਪ੍ਰੰਤੂ ਇਹ ਨਾ ਹੀ ਵਿਹਾਰਿਕ ਪੱਖੋਂ ਹੀ ਸੱਭਿਆ ਹੁੰਦਾ ਹੈ ਅਤੇ ਨਾ ਹੀ ਕਥਿਤ ਧਾਰਮਿਕ ਨੈਤਿਕਤਾ ਹੀ ਅਜਿਹੀ ਆਗਿਆ ਦਿੰਦੀ ਹੈ।

ਸ. ਭਗਤ ਸਿੰਘ ਅਜਿਹੀ ਸਥਿਤੀ ਨੂੰ ਭਲੀ ਭਾਂਤੀ ਸਮਝਦੇ ਸਨ ਏਸੇ ਲਈ ਉਹ ਲਿਖਦੇ ਹਨ, "ਤੁਸੀਂ ਜਾਓ ਅਤੇ ਕਿਸੇ ਪ੍ਰਚੱਲਤ ਧਰਮ ਦਾ ਵਿਰੋਧ ਕਰੋ, ਜਾਓ ਅਤੇ ਕਿਸੇ ਹੀਰੋ (ਨਾਇਕ) ਦੀ, ਜਿਸ ਦੇ ਬਾਰੇ ਇਹ ਵਿਸ਼ਵਾਸ ਹੁੰਦਾ ਹੈ ਕਿ ਉਹ ਅਲੋਚਨਾ ਤੋਂ ਪਰ੍ਹੇ ਹੈ, ਕਿਉਂਕਿ ਉਹ ਹਜ਼ਾਰਾਂ ਲੋਕਾਂ ਨੂੰ ਘਮੰਡੀ ਹੋਣ ਦਾ ਦੋਸ਼ ਲਾਉਣ ਲਈ ਮਜ਼ਬੂਰ ਕਰ ਦੇਵੇਗੀ।" (ਪੰਨਾ-13) ਉਹ ਸਵਾਲ ਉਠਾਉਂਦੇ ਹਨ, "ਅਜਿਹਾ ਕਿਉਂ ਹੁੰਦਾ ਹੈ ?"ਦਾ ਆਪ ਹੀ ਉੱਤਰ ਦਿੰਦੇ ਹਨ,"ਅਜਿਹਾ ਬੌਧਿਕ ਜੜ੍ਹਤਾ ਦੇ ਕਾਰਨ ਹੁੰਦਾ ਹੈ।" (ਪੰਨਾ-13)

ਬੌਧਿਕ ਜੜ੍ਹਤਾ, ਬੌਧਿਕ ਵਿਕਾਸ ਵਿੱਚ ਬਣੀ ਖੜੋਤ ਦੇ ਕਾਰਨ ਹੁੰਦੀ ਹੈ। ਜੇਕਰ ਅਸੀਂ ਲਗਾਤਾਰ ਗਿਆਨ ਪ੍ਰਾਪਤੀ ਲਈ ਅਧਿਐਨ ਨਹੀਂ ਕਰਦੇ ਅਤੇ ਪ੍ਰਾਪਤ ਗਿਆਨ ਨੂੰ ਵਿਚਾਰਦੇ ਨਹੀਂ ਤਾਂ ਬੌਧਿਕ ਜੜ੍ਹਤਾ ਦਾ ਹੋਣਾ ਸੁਭਾਵਿਕ ਹੁੰਦਾ ਹੈ। ਜਿਹੜੇ ਲੋਕ ਪ੍ਰਚਾਰਕਾਂ ਦੇ ਪ੍ਰਚਾਰ 'ਚ ਉਹਨਾਂ ਦੀ ਸੰਬੰਧਤ ਧਰਮ ਪੁਸਤਕ (ਵੇਦ, ਕੁਰਾਨ, ਅੰਜੀਲ, ਗਰੰਥ ਸਾਹਿਬ ਆਦਿ) ਉੱਪਰ ਮਨੁੱਖੀ ਗਿਆਨ ਦੀ ਹੱਦ ਬੱਝ ਗਈ ਹੈ। ਸਾਰਾ ਗਿਆਨ ਉਨ੍ਹਾਂ ਦੀ ਹੀ ਧਰਮ ਪੁਸਤਕ ਵਿਚ ਬੰਦ ਹੈ। ਅਜਿਹਾ ਵਿਸ਼ਵਾਸ ਸੰਬੰਧਿਤ ਲੋਕਾਂ ਦੇ ਗਿਆਨ ਨੂੰ ਤਾਂ ਸੀਮਤ ਕਰੇਗਾ ਹੀ, ਸਗੋਂ ਸਮੁੱਚੇ ਮਨੁੱਖੀ ਬੌਧਿਕ ਵਿਕਾਸ ਵਿਚ ਰੁਕਾਵਟ ਬਣੇਗਾ। ਇਸ ਨਾਲ ਮਨੁੱਖਤਾ ਹੋਰ ਲੰਬੇ ਸਮੇਂ ਤੱਕ ਗਰੀਬੀ, ਅਗਿਆਨਤਾ, ਭਰਾਮਾਰ ਲੜਾਈਆਂ, ਲੁੱਟਾਂ ਆਦਿ ਦਾ, ਕੁੱਝ ਕੁ ਹਾਕਮ-ਪੂੰਜੀਪਤੀਆਂ ਹੱਥੋਂ ਕਸ਼ਟ ਸਹਿਨ ਕਰਦੀ ਰਹੇਗੀ।

ਸ. ਭਗਤ ਸਿੰਘ ਦੇ ਫਾਂਸੀ ਲੱਗਣ ਦੇ ਦਿਨਾਂ ਦਾ ਭਾਰਤ ਤਾਂ ਬੇਹੱਦ ਪਛੜਿਆ ਹੋਇਆ ਸੀ। ਬਰਤਾਨਵੀ ਗੁਲਾਮੀ ਦੇ ਨਾਲ, ਬਹੁਤੇ ਭਾਰਤ ਨੂੰ ਸੈਂਕੜੇ ਰਾਜਿਆਂ, ਰਜਵਾੜਿਆਂ, ਜਾਗੀਰਦਾਰਾਂ ਤੇ ਉਹਨਾਂ ਦੇ ਕਹਿਰ ਢਾਹੁਣ ਵਾਲੇ ਅਹਿਲਕਾਰਾਂ ਦੇ ਅਤਿਆਚਾਰੀ ਦਾਬੇ ਵਿਚ ਪਿਸਿਆ ਪਿਆ ਸੀ। ਅੱਜ ਸੁਤੰਤਰਤਾ ਦੇ ਪੰਜਾਹ ਸਾਲ ਪਿੱਛੋਂ ਵੀ ਧਾਰਮਿਕ ਕੱਟੜਪੰਥੀਆਂ ਨੇ ਜੋ ਅੱਤ ਚੁੱਕੀ ਹੋਈ ਹੈ ਉਸ ਨੂੰ ਅਸੀਂ ਆਪ ਦੇਖ ਰਹੇ ਹਾਂ। ਇਸ ਲਈ ਉਸ ਸਮੇਂ ਆਮ ਜਨਤਾ ਤੋਂ ਤਰਕ-ਯੁਕਤ ਹੋਣ ਦੀ ਆਸ ਤਾਂ ਨਹੀਂ ਕੀਤੀ

ਜਾ ਸਕਦੀ ਸੀ। ਅਜਿਹੇ ਅਗਿਆਨਤਾ ਦੇ ਵਾਤਾਵਰਨ ਵਿਚ ਕੱਟੜਪੰਥੀ ਵਿਚਾਰਾਂ ਨਾਲ ਮੱਥਾ ਲਾਉਣ, ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਤੋਂ ਵੀ ਵੱਡਾ ਤੇ ਕਠਿਨ ਕਾਰਜ ਸੀ। ਇਸ ਤਰ੍ਹਾਂ ਦਾ ਵਿਚਾਰਧਾਰਕ ਸੰਗਰਾਮ ਕਰਨਾ ਸਾਰੇ ਸਾਥੀਆਂ ਵਿਚੋਂ ਕੇਵਲ ਸ. ਭਗਤ ਸਿੰਘ ਦੇ ਹੀ ਹਿੱਸੇ ਆਇਆ ਸੀ। ਅਸਲ ਵਿਚ ਕਹਿਣਾ ਚਾਹੀਦਾ ਹੈ ਕਿ ਵਿਚਾਰਧਾਰਕ ਸੰਗਰਾਮ ਕਰਨ ਦੀ ਸਮਰੱਥਾ ਕੇਵਲ ਸ. ਭਗਤ ਸਿੰਘ ਦੀ ਹੀ ਸੀ। ਇਹ ਲਿਖਤ ਉਸ ਸਮੇਂ ਵਿਸ਼ਾਲ ਜਨਤਾ ਦੇ ਵਿਚਾਰਧਾਰਕ ਹਿੱਤਾਂ ਵਿਚ ਖੜਦੀ ਹੈ ਜੋ ਅੰਧਵਿਸ਼ਵਾਸਾਂ ਅਤੇ ਅਗਿਆਨਤਾ ਵਿਚ ਨਰੜੀ ਹੋਈ ਸੀ।

ਜੇਕਰ ਇਤਿਹਾਸ ਦੇ ਵੱਖੋ ਵੱਖ ਪੜਾਵਾਂ ਉੱਪਰ ਝਾਤ ਮਾਰੀਏ ਤਾਂ ਅੱਜ ਜਿਨ੍ਹਾਂ ਵਿਅਕਤੀਆਂ ਨੂੰ ਅਸੀਂ ਰਹਿਬਰ, ਰਹਿਨੁਮਾ, ਗੁਰੂ, ਅਵਤਾਰ ਜਾਂ ਪੈਗੰਬਰ ਮੰਨਦੇ ਹਾਂ, ਉਹ ਆਪਣੇ ਸਮੇਂ ਦੇ ਬੌਧਿਕ ਜਮੂਦ ਨੂੰ ਆਪਣੀ ਤਰਕ ਸ਼ਕਤੀ ਨਾਲ ਹੀ ਤੋੜਨ ਦੇ ਸਮਰੱਥ ਹੋਏ ਸਨ। ਬੇਸ਼ੱਕ ਉਹ ਆਸਤਕ ਸਨ ਪਰੰਤੂ ਉਹਨਾਂ ਦੀ ਆਸਤਿਕਤਾ ਕੱਟੜ-ਧਾਰਮਿਕਤਾ ਤੋਂ ਪਾਕ ਸੀ। ਇਹ ਉਹਨਾਂ ਮਹਾਨ ਲੋਕਾਂ ਨਾਲ ਵੱਡਾ ਅਨਿਆ ਹੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੇ ਪੈਰੋਕਾਰ ਉਹੋ ਕੁਝ ਕਰ ਰਹੇ ਹਨ ਜਿੰਨ੍ਹਾਂ ਦੇ ਵਿਰੁੱਧ ਉਹਨਾਂ ਆਵਾਜ਼ ਉਠਾਈ ਅਤੇ ਕੁਰਬਾਨੀਆਂ ਕੀਤੀਆਂ ਤੇ ਕਸ਼ਟ ਝੱਲੇ। ਇਹ 'ਧਾਰਮਿਕ ਸਥਾਪਤੀ' ਹੀ ਸੀ ਜਿਨ੍ਹਾਂ ਵਿਰੁੱਧ ਉਹ ਬੋਲੇ ਤੇ ਅੱਜ ਇਹ 'ਧਾਰਮਿਕ ਸਥਾਪਤੀ' ਹੀ ਹੈ ਜੋ ਉਹਨਾਂ ਦੇ ਵਿਚਾਰਾਂ ਦੀ ਵਿਆਖਿਆ ਆਪਣੀ ਸਥਾਪਤੀ ਦੀ ਰਾਖੀ ਲਈ ਕਰ ਰਹੇ ਹਨ।

ਅੱਜ ਦੀ ਧਾਰਮਿਕ ਆਸਤਿਕਤਾ ਸੰਵਾਦ ਦਾ ਗਲਾ ਘੁੱਟ ਰਹੀ ਹੈ। ਜਿਵੇਂ ਗੁਰੂ ਨਾਨਕ ਸੰਵਾਦ ਦੀ ਮਹਾਨਤਾ ਤੇ ਅਵੱਸ਼ਕਤਾ ਨੂੰ ਸੁਦ੍ਰਿੜ ਕਰਵਾਉਂਦੇ ਹੋਏ ਕਹਿੰਦੇ ਹਨ।

**ਜਬ ਲਗ ਦੁਨੀਆਂ ਰਹੀਏ।**
**ਮਨਕ ਕੁਝ ਸੁਣੀਏ ਕੁਝ ਕਹੀਏ।**

ਭਾਵ ਸੰਵਾਦ ਜਾਰੀ ਰੱਖੋ ਤੇ ਦਲੀਲ-ਤਰਕ ਨਾਲ ਗੱਲ ਕਰੋ ਤੇ ਬਾਰ ਬਾਰ ਕਰੋ।

ਸ. ਭਗਤ ਸਿੰਘ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ, "ਆਲੋਚਨਾ ਅਤੇ ਸੁਤੰਤਰ ਵਿਚਾਰ ਇਕ ਕ੍ਰਾਂਤੀਕਾਰੀ ਦੇ ਦੋ ਜ਼ਰੂਰੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ ਮਹਾਨ ਹਨ ਇਸ ਲਈ ਕਿਸੇ ਨੂੰ ਉਹਨਾਂ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ। ਕਿਉਂਕਿ ਉਹ ਸਭ ਤੋਂ ਉੱਚੇ ਹਨ, ਇਸ ਲਈ ਹਰ ਗੱਲ ਜੋ ਕਹਿੰਦੇ ਹਨ - ਚਾਹੇ ਰਾਜਨੀਤੀ ਤੇ ਖੇਤਰ ਦੀ ਹੋਵੇ ਜਾਂ ਧਰਮ ਦੇ, ਅਰਥਸ਼ਾਸਤਰ ਜਾਂ ਨੈਤਿਕ ਸ਼ਾਸਤਰ ਦੀ ਹੋਵੇ, ਸਭ ਸਹੀ ਹੈ। ਅਜਿਹੀ ਮਾਨਸਿਕਤਾ ਵਿਕਾਸ ਦੇ ਵੱਲ ਨਹੀਂ ਲੈ ਜਾ ਸਕਦੀ। ਇਹ ਤਾਂ ਪ੍ਰਤੱਖ ਰੂਪ ਵਿਚ ਪਿਛਾਂਹ ਖਿੱਚੂ ਹੈ।"

ਅੱਜ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਕੱਟੜ ਪੰਥੀਆਂ ਦਾ ਆਪਣੇ ਹੀ ਧਰਮ ਦੇ ਨਰਮ ਦਲੀਆਂ ਜਾਂ ਵੱਖਰੀ ਰਾਜਨੀਤੀ ਜਾਂ ਦੂਜੇ ਘੱਟ ਗਿਣਤੀ ਧਰਮਾਂ ਵਿਰੁੱਧ ਜੋ ਫਾਸ਼ੀ 'ਜਹਾਦ' ਵਿੱਢਿਆ ਹੋਇਆ ਹੈ। ਉਹ ਮਨੁੱਖੀ ਵਿਚਾਰਾਂ ਨੂੰ, ਸਮਾਜੀ ਵਿਕਾਸ ਦੇ ਇਸ ਇਤਿਹਾਸਕ ਪੜਾ ਉੱਪਰ ਅੱਗੇ ਵਧਣ ਤੋਂ ਰੋਕਣ ਦੀ ਗੰਭੀਰ ਸਾਮਰਾਜੀ ਅਤੇ ਸਥਾਨਕ ਪੂੰਜੀਵਾਦੀ ਵਰਗ ਦੀ ਸਾਜਸ਼ ਦਾ ਹਿੱਸਾ ਹੈ। ਅਗਿਆਨਤਾ ਅਤੇ ਕੱਟੜਵਾਦੀ ਫਿਰਕੂ ਜਨੂੰਨ ਦੀ ਕਾਇਮੀ ਹੀ ਸੰਸਾਰ ਸਾਮਰਾਜ ਤੇ ਪੂੰਜੀਵਾਦੀ ਗੈਰ ਮਨੁੱਖੀ ਪ੍ਰਬੰਧ ਦੀ ਉਮਰ ਲੰਬੀ ਕਰਨ ਦੀ ਇਕ ਯੁੱਧਨੀਤੀ ਹੈ। ਭਾਰਤ ਇਸ ਦਾ ਇਕ ਵਿਸ਼ੇਸ਼ ਖੇਤਰ ਹੈ। ਧਾਰਮਿਕ



ਕੱਟੜਵਾਦ ਅਤੇ ਧਾਰਮਿਕ ਉਦਾਰਵਾਦ ਦੋਵੇਂ ਹੀ ਮਨੁੱਖ ਜਾਤੀ ਦੇ ਵਿਸ਼ਾਲ ਗਰੀਬ ਮਿਹਨਤਕਸ਼ ਜਨ ਸਮੂਹ ਨੂੰ ਆਪਣੀ ਆਰਥਿਕ ਅਤੇ ਸਮਾਜਕ ਬੰਧਨਾਂ ਤੋਂ ਬੰਦ ਖ਼ਲਾਸੀ ਵਿਰੁੱਧ ਸੰਘਰਸ਼ ਨੂੰ ਠੰਡਾ ਯੱਖ ਕਰਦੇ ਹਨ। ਇਸ ਦਾ ਅਰਥ ਇਹ ਹੈ ਕਿ ਆਸਤਿਕਤਾ ਗ਼ਰੀਬੀ ਦੇ ਜਮਾਤੀ ਕਾਰਨਾਂ ਨੂੰ ਸਮਝਣ ਵਿਚ ਵਿਘਨ ਪਾਉਂਦੀ ਹੈ। ਇਸ ਨੂੰ ਕਿਸਮਤ, ਪਿਛਲੇ ਜਨਮਾਂ ਦੇ ਮਾੜੇ ਕਰਮਾਂ ਆਦਿ ਦੀ ਮਿਥਿਆ ਧਾਰਨਾ ਨਾਲ ਬੰਨ੍ਹਦੀ ਹੈ।

ਹੋਰ ਸਪਸ਼ਟ ਸ਼ਬਦਾਂ ਵਿਚ ਇਸ ਵਿਚਾਰ ਦੀ ਵਿਆਖਿਆ ਕਰਦੇ ਹੋਏ ਉਹ ਲਿਖਦੇ ਹਨ, "ਕਿਉਂਕਿ ਸਾਡੇ ਵੱਡ ਵਡੇਰਿਆਂ ਨੇ ਕਿਸੇ ਸਰਬ ਸ਼ਕਤੀਮਾਨ ਈਸ਼ਵਰ ਵਿਚ ਵਿਸ਼ਵਾਸ ਬਣਾ ਲਿਆ ਸੀ ਇਸ ਲਈ ਜੋ ਵਿਅਕਤੀ ਉਸ ਵਿਸ਼ਵਾਸ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਂਸਲਾ ਕਰਦਾ ਹੈ। ਉਸ ਨੂੰ ਕਾਫਰ, ਅਵਿਸ਼ਵਾਸ਼ੀ (ਨਾਸਤਕ) ਆਖਿਆ ਜਾਵੇਗਾ। ਜੇਕਰ ਉਸ ਦੇ ਵਜ਼ਨਦਾਰ ਤਰਕ ਨੂੰ ਰੱਦ ਨਾ ਕੀਤਾ ਜਾ ਸਕਦਾ ਹੋਵੇ ਅਤੇ ਉਸ ਦਾ ਵਿਸ਼ਵਾਸ ਇੰਨਾ ਮਜ਼ਬੂਤ ਹੈ ਕਿ ਉਸ ਨੂੰ ਈਸ਼ਵਰ ਦੀ ਕਰੋਪੀ ਦਾ ਭੈ ਵੀ ਡੁਲਾ ਨਾ ਸਕਦਾ ਹੋਵੇ - ਤਾਂ ਉਸ ਨੂੰ ਘਮੰਡੀ ਆਖ ਕੇ ਭੰਡਿਆ ਜਾਵੇਗਾ ਅਤੇ ਉਸ ਦੀ ਦ੍ਰਿੜਤਾ ਨੂੰ ਹੰਕਾਰ ਆਖਿਆ ਜਾਵੇਗਾ। ਤਾਂ ਫਿਰ ਇਸ ਫਜ਼ੂਲ ਬਹਿਸ ਉੱਪਰ ਸਮਾਂ ਨਸ਼ਟ ਕਰਨ ਦਾ ਕੀ ਲਾਭ?"

ਇਸ ਵਿਚਾਰ ਚਰਚਾ ਤੋਂ ਸਾਬਤ ਹੁੰਦਾ ਹੈ ਕਿ ਜੇਕਰ ਵਿਅਕਤੀ ਤਰਕ ਵਿਹੂਣਾ ਹੋਵੇ ਤਾਂ ਉਹ ਲਕੀਰ ਦਾ ਫਕੀਰ ਬਣ ਕੇ ਅਗਿਆਨਤਾ ਦੇ ਚੱਕਰ ਵਿਚ ਫਸ ਜਾਂਦਾ ਹੈ। ਤਰਕ ਦੀ ਸ਼ਕਤੀ ਵਿਗਿਆਨਕ ਸਾਹਿਤ ਦੇ ਅਧਿਐਨ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਸਤਿ ਬਚਨੀ ਬਣਨ ਨਾਲ ਤਰਕ ਨਸ਼ਟ ਹੋ ਜਾਂਦੀ ਹੈ। ਹਰ ਸਥਿਤੀ ਨੂੰ ਸਮਝਣ ਲਈ ਕਿਉਂ ਅਤੇ ਕਿਵੇਂ ਦਾ ਉੱਤਰ ਮਿਲਣਾ ਚਾਹੀਦਾ ਹੈ। ਇਸ ਨਾਲ ਤਰਕ ਸ਼ਕਤੀ ਵਿਕਸਤ ਹੁੰਦੀ ਹੈ। ਸਾਡੇ ਆਲੇ ਦੁਆਲੇ ਅਨੰਤ ਗਿਆਨ, ਅਗਿਆਨਤਾ ਵਿਚ ਰੁਲਿਆ ਪਿਆ ਹੈ। ਇਸ ਨੂੰ ਇਕ ਕਵੀ ਰੇਤੇ ਵਿਚ ਰਲੀ ਖੰਡ ਨਾਲ ਤੁਲਨਾ ਕਰਦਾ ਹੋਇਆ ਲਿਖਦਾ ਹੈ ਕਿ ਸਮਾਂ ਤੇਜ਼ੀ ਨਾਲ ਲੰਘ ਰਿਹਾ ਹੈ, ਯਤਨਸ਼ੀਲ ਹੋਵੋ।

* ਰਲੀ ਰੇਤ ਵਿਚ ਖੰਡ ਵੇਖ ਕੇ, ਬਣ ਕੀੜੀ ਨਹੀਂ ਚੁਣਦਾ, ਕਿਉਂ ਸਿਰ ਧੁਣਦਾ?
ਹਾਥੀ ਬਣ ਕੇ ਚੁਣੀ ਨਾ ਜਾਵੇ, ਭੇਦ ਜਾਣ ਅਵਗੁਣ ਦਾ, ਤੇ ਸ਼ੁਭ ਗੁਣ ਦਾ।
ਲੈ ਕੇ ਹੱਥ ਵਿਚਾਰ-ਛਾਣਨਾ, ਤੂੰ ਅਵਗੁਣ ਨਹੀਂ ਪੁਣਦਾ, ਨਾ ਗੱਲ ਸੁਣ ਦਾ।
ਸੂਫ਼ੀ ਇਹ ਤਨ ਕਰਮ-ਗੋਦੜਾ, ਨਾਲ ਸ਼ਿਕਾਰੀ ਘੁਣਦਾ, ਤੂੰ ਨਿੱਤ ਬੁਣ ਦਾ।

ਸ. ਭਗਤ ਸਿੰਘ ਨੇ ਆਪਣੀ ਛੋਟੀ ਜਿਹੀ ਮਹਾਨ ਆਯੂ ਦੇ ਪਿਛਲੇ 5-6 ਸਾਲਾਂ ਵਿਚ ਸੰਸਾਰ ਪ੍ਰਸਿੱਧ ਲੇਖਕਾਂ, ਫਿਲਾਸਫਰਾਂ ਅਤੇ ਨੀਤੀਵਾਨਾਂ ਦੀਆਂ ਅਨੇਕਾਂ ਰਚਨਾਵਾਂ ਦਾ ਡੂੰਘਾ ਅਧਿਐਨ ਕੀਤਾ। ਇਹੋ ਹੀ ਨਹੀਂ ਸਗੋਂ ਫਾਂਸੀ ਲੱਗਣ ਤੋਂ ਕੁਝ ਮਹੀਨੇ ਪਹਿਲਾਂ ਉਹਨਾਂ ਜੇਲ੍ਹ ਵਿਚ ਵਿਗਿਆਨਕ ਸਮਾਜਵਾਦ ਦੇ ਬਾਨੀਆਂ ਕਾਰਲ ਮਾਰਕਸ, ਏਂਗਲਜ਼, ਲੈਨਿਨ ਆਦਿ ਦੀਆਂ ਕਿਤਾਬਾਂ ਦਾ ਡੂੰਘੀ ਨੀਝ ਨਾਲ ਅਧਿਐਨ ਕੀਤਾ। ਇਸ ਤਰ੍ਹਾਂ ਦੀ ਹੀ ਇੱਕ ਉਦਾਹਰਣ ਸਾਡੇ ਸਮੇਂ ਕਿਊਬਾ ਦੇ ਮਹਾਨ ਕ੍ਰਾਂਤੀਕਾਰੀ ਚੇਅ ਗੁਵੇਰਾ ਦੀ ਹੈ। ਜਿਸ ਨੇ ਆਪਣਾ ਜੀਵਨ ਕ੍ਰਾਂਤੀ ਲਈ ਅਰਪਨ ਕੀਤਾ ਹੋਇਆ ਸੀ। ਉਸ ਨੇ ਇੰਨਾ ਨਿੱਠ ਕੇ

** ਸੂਫ਼ੀ ਡਿਊਢਾਂ - ਸਾਧੂ ਸਿੰਘ ਸੂਫ਼ੀ (ਪੰਨਾ 32)*

ਅਧਿਐਨ ਕੀਤਾ ਸੀ ਕਿ ਉਸ ਨੂੰ ਬੀਮਾਰੀ ਦੀ ਹਾਲਤ ਵਿਚ ਵੀ ਸੰਗਰਾਮ ਵਿਚ ਜੂਝਦੇ ਜਾਰੀ ਰੱਖਿਆ। ਜਦੋਂ ਬੁਲੀਵੀਆ ਵਿਚ ਉਹ ਸਰਕਾਰੀ ਫੌਜਾਂ ਹੱਥੋਂ ਜ਼ਖ਼ਮੀ ਹਾਲਤ ਵਿਚ ਪਕੜਿਆ ਗਿਆ ਤੇ ਕੁਝ ਹੀ ਮਿੰਟਾਂ ਪਿੱਛੋਂ ਅਮਰੀਕਨ ਸੀ.ਆਈ.ਏ. ਦੀ ਹਦਾਇਤ ਉਪਰ ਸ਼ਹੀਦ ਕੀਤਾ ਜਾਣ ਵਾਲਾ ਸੀ, ਉਸ ਨੂੰ ਇਕ ਸਕੂਲ ਵਿਚ ਲਿਆਂਦਾ ਗਿਆ। ਉਥੇ ਸਕੂਲ ਅਧਿਆਪਕ ਜੂਲੀਆ ਕੋਰਤੇਜ ਨੂੰ, ਬੋਰਡ ਉੱਪਰ ਸਪੇਨੀ ਭਾਸ਼ਾ ਵਿਚ ਲਿਖਿਆ ਪੜ੍ਹ ਕੇ ਕਿਹਾ "ਯੋ ਪੀਉਡੋਲੀਅਰ" ਭਾਵ ਮੈਂ ਪੜ੍ਹਨ ਦੇ ਕਾਬਲ ਹਾਂ। "ਪੀਉਡੋ" ਸ਼ਬਦ ਉੱਪਰ ਜ਼ੋਰ ਦੇ ਕੇ ਲਿਖਿਆ ਗ਼ਲਤ ਹੈ। ਫਿਰ ਉਹਨਾਂ ਅਧਿਆਪਕ ਨੂੰ ਕਿਊਬਾ ਵਿਚ ਵਿਦਿਆ ਦੇ ਵਿਕਾਸ ਬਾਰੇ ਦੱਸਣਾ ਸ਼ੁਰੂ ਕੀਤਾ। ਅੰਤਮ ਘੜੀਆਂ ਵਿਚ ਵੀ ਉਹਨਾਂ ਰਾਜਨੀਤਕ ਵਿਦਿਆ ਦੇਣੀ ਜਾਰੀ ਰੱਖੀ।

ਸੀ.ਆਈ.ਏ. ਡਾਕਟਰ ਗੋਸਾਲੇਜ਼ ਨੇ ਪੁੱਛਗਿੱਛ ਕਰਨੀ ਚਾਹੀ ਪਰ ਚੇਅ ਚੁੱਪ ਰਿਹਾ। ਏਜੰਟ ਨੇ ਪੁੱਛਿਆ "ਤੁਸੀਂ ਕੀ ਸੋਚ ਰਹੇ ਹੋ ?" ਉੱਤਰ ਸੀ, "ਮੈਂ ਇਨਕਲਾਬ ਦੀ ਅਮਰਤਾ ਬਾਰੇ ਸੋਚ ਰਿਹਾ ਹਾਂ।"

ਇਹ ਸ਼ਾਇਦ ਚੇਅ ਗੁਵੇਰਾ ਦੇ ਆਖ਼ਰੀ ਸ਼ਬਦ ਸਨ।

ਇਸ ਤਰ੍ਹਾਂ ਅਧਿਐਨ ਨਾਲ ਤਰਕ ਸ਼ਕਤੀ ਵਿਕਸਤ ਹੁੰਦੀ ਹੋ ਜੋ ਅਗਿਆਨਤਾ ਤੇ ਅੰਧਵਿਸ਼ਵਾਸ ਤੋਂ ਮੁਕਤ ਕਰਦੀ ਹੈ। ਇਹ ਕੋਈ ਵੀ ਕਰ ਸਕਦਾ ਹੈ। ਇਸ ਲਈ ਉਤਸੁਕਤਾ ਹੋਣੀ ਜ਼ਰੂਰੀ ਹੈ। ਸ: ਭਗਤ ਸਿੰਘ ਦੇ ਸਮੇਂ ਨਾਲੋਂ ਅੱਜ ਤਾਂ ਚੰਗਾ ਸਾਹਿਤ ਹਜ਼ਾਰਾਂ ਗੁਣਾਂ ਵੱਧ ਪ੍ਰਾਪਤ ਹੈ। ਦੁੱਖ ਦੀ ਗੱਲ ਇਹ ਹੈ ਕਿ ਜਿੰਨਾਂ ਅਨਿਆਂ ਆਧਾਰਤ ਸਮਾਜ ਨੂੰ ਬਦਲਨ ਦਾ ਪਰਣ ਕੀਤਾ ਹੋਇਆ ਹੈ ਉਹ ਇਸ ਤੋਂ ਲਾਭ ਨਹੀਂ ਉਠਾ ਰਹੇ।

ਅੱਜ ਪੂੰਜੀਵਾਦੀ ਸਭਿਆਚਾਰ ਦੇ ਪਾਸਾਰ ਨਾਲ ਆਮ ਪਰਿਵਾਰਾਂ ਅਤੇ ਵਿਅਕਤੀਆਂ, ਖਾਸ ਕਰਕੇ ਨੌਜੁਆਨਾਂ ਦੇ ਪੈਰ ਉੱਖੜ ਗਏ ਹਨ। ਉਹ ਬੇਰੁਜ਼ਗਾਰੀ, ਧੁੰਦਲੇ ਭਵਿੱਖ, ਮਹਿੰਗਾਈ ਆਦਿ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਨ। ਇਹੋ ਨਹੀਂ ਪੂੰਜੀਵਾਦੀ ਅਨਿਆਂ ਦੀ ਜਕੜ ਕੌਮੀ ਅਤੇ ਕੌਮਾਂਤਰੀ ਪੂੰਜੀ ਨਾਲ ਜੁੜ ਕੇ ਵਧੇਰੇ ਕਸ਼ਟਦਾਇਕ ਹੋ ਗਈ ਹੈ। ਇਹ ਬਸਤੀਵਾਦ ਨਾਲੋਂ ਵੱਖਰੀ ਭਾਂਤ ਦੀ ਹੋਣ ਦੇ ਬਾਵਜੂਦ ਖ਼ਾਸੇ ਵਜੋਂ ਉਸ ਤੋਂ ਵਧੇਰੇ ਕਮੀਨੀ ਤੇ ਅਣਮਨੁੱਖੀ ਲਾਲਸਾ ਨਾਲ, ਸਮੁੱਚੇ ਸੰਸਾਰ ਸਮੇਤ ਪ੍ਰਕ੍ਰਿਤੀ ਦੇ ਆਪਣੇ ਸ਼ੋਸ਼ਨ ਦਾ ਨਿਸ਼ਾਨਾ ਬਣਾ ਰਿਹਾ ਹੈ।

ਇਸ ਲਈ ਅਜਿਹੀ ਗੈਰ ਮਨੁੱਖੀ ਸਥਿਤੀ ਨੂੰ ਬਦਲਨ ਲਈ ਭਗਤ ਸਿੰਘ ਜਾਣਦੇ ਸਨ, ਵਿਸ਼ਾਲ ਜਨ ਸਮੂਹ ਦੀ ਜਾਗ੍ਰਿਤੀ ਜ਼ਰੂਰੀ ਹੈ। ਇਸ ਜਾਗਰਤੀ ਨੂੰ ਆਸਤਿਕਤਾ ਦੀ ਅਗਿਆਨਤਾ ਢਕ ਲੈਂਦੀ ਹੈ। ਏਸੇ ਲਈ ਉਹ ਪੁੱਛਦੇ ਹਨ ਕਿ ਜੇਕਰ ਤਰਕ ਨਾਲ ਗੱਲ ਕਰਨ ਦੀ ਗੁੰਜਾਇਸ਼ ਨਹੀਂ ਤਾਂ ਫਿਰ ਈਸ਼ਵਰ ਦੀ ਹੋਂਦ ਅਰਥਾਤ ਆਸਤਿਕਤਾ/ਨਾਸਤਕਤਾ ਦੇ ਮਸਲੇ ਉੱਪਰ ਵਿਚਾਰ ਕਰਨ ਦੀ ਕੀ ਲੋੜ ਰਹਿ ਜਾਂਦੀ ਹੈ ? ਉਹ ਇਸ ਬਹਿਸ ਨੂੰ ਸਿਰਫ਼ ਬੌਧਿਕ ਅਯਾਸ਼ੀ ਨਹੀਂ ਸਮਝਦੇ ਸਨ। ਉਹ ਇਸ ਪ੍ਰਤੀ ਬੜੇ ਗੰਭੀਰ ਸਨ। ਕਿਉਂਕਿ ਆਸਤਿਕਤਾ/ਨਾਸਤਿਕਤਾ ਦਾ ਮਸਲਾ ਕੇਵਲ ਈਸ਼ਵਰ ਦੀ ਹੋਂਦ ਜਾਂ ਨਾ-ਹੋਂਦ ਤੱਕ ਹੀ ਸੀਮਤ ਨਹੀਂ ਹੈ। ਇਹ ਸਾਡੇ ਸਮਾਜੀ ਜੀਵਨ ਅਤੇ ਆਰਥਿਕ-ਰਾਜਨੀਤਕ ਸੰਬੰਧਾਂ ਉੱਪਰ ਅਜਿਹਾ ਪ੍ਰਭਾਵ ਰੱਖਦਾ ਹੈ ਕਿ ਸਾਡੀ ਗਰੀਬੀ ਅਮੀਰੀ ਦੀ ਹੋਣੀ ਇਸ ਨਾਲ ਜੁੜੀ ਹੋਈ ਹੈ। ਇਹ ਸਾਡੀ ਸਮਾਜੀ ਸ਼੍ਰੇਨਿਕ ਵੰਡ ਨੂੰ ਪੱਕਿਆਂ ਕਰਨ ਤੇ ਕਾਇਮ ਰੱਖਣ ਵਿਚ ਪੂਰੀ



ਤਰ੍ਹਾਂ ਸਹਾਇਕ ਹੁੰਦੀ ਹੈ। ਉਹ ਇਸ ਬਹਿਸ ਨੂੰ ਕਿਸੇ ਵਿਅਕਤੀ ਵਿਸ਼ੇਸ਼ ਨਾਲ ਬਹਿਸ ਜਾਂ ਵਿਚਾਰ ਚਰਚਾ ਦੇ ਖ਼ਤਮ ਕੀਤੇ ਜਾਣ ਨਾਲ ਸਹਿਮਤ ਨਹੀਂ। ਉਹ ਇਸ ਨੂੰ ਵਿਸ਼ਾਲ ਜਨ-ਸਮੂਹ ਤੱਕ ਲਿਜਾਣਾ ਚਾਹੁੰਦੇ ਸਨ।

ਉਹ ਸਵਾਲ ਉਠਾਉਂਦੇ ਹਨ, "ਫਿਰ ਇਹਨਾਂ ਸਾਰੀਆਂ ਗੱਲਾਂ ਉੱਤੇ ਬਹਿਸ ਕਿਉਂ?" ਫਿਰ ਉੱਤਰ ਦਿੰਦੇ ਹਨ, "ਇਹ ਲੰਬੀ ਬਹਿਸ ਇਸ ਲਈ ਕਿਉਂਕਿ ਇਹ ਸਵਾਲ ਜਨਤਾ ਅੱਗੇ ਪਹਿਲੀ ਬਾਰ ਆਇਆ ਹੈ। ਪਹਿਲੀ ਬਾਰ ਇਸ ਉੱਤੇ ਵਿਸਤਾਰ ਨਾਲ ਚਰਚਾ ਹੋ ਰਹੀ ਹੈ।" (ਪੰਨਾ -14)

ਉਹ ਅੱਗੇ ਸਪਸ਼ਟ ਕਰਦੇ ਹੋਏ ਕਹਿੰਦੇ ਹਨ, "ਜਿੱਥੋਂ ਤੱਕ ਪਹਿਲੇ ਸਵਾਲ ਦਾ ਸੰਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਮੈਂ ਘਮੰਡ ਕਾਰਨ ਨਾਸਤਿਕ ਨਹੀਂ ਬਣਿਆ। ਇਹ ਫੈਸਲਾ ਮੈਂ ਨਹੀਂ, ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਪ੍ਰਭਾਵੀ ਸਾਬਤ ਹੋਈਆਂ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿਚ ਜੇ ਮੈਂ ਆਸਤਿਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ। ਮੇਰਾ ਬੋਝ ਹੁਣ ਨਾਲੋਂ ਘੱਟ ਹੋਣਾ ਸੀ ਅਤੇ ਮੇਰੇ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋੜਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਕਾਵਿਕ ਬਣਾ ਸਕਦਾ ਹੈ। ਪਰੰਤੂ ਮੈਨੂੰ ਆਪਣੇ ਅੰਤਮ ਸਮੇਂ ਲਈ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਦੀ ਮੱਦਦ ਨਾਲ ਇਸ ਅਵਸਥਾ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਇਸ ਕੋਸ਼ਿਸ਼ ਵਿਚ ਮੈਂ (ਭਾਵੇਂ) ਹਮੇਸ਼ਾ ਸਫ਼ਲ ਵੀ ਨਹੀਂ ਹੋਇਆ ਹਾਂ। ਯਤਨ ਅਤੇ ਹਿੰਮਤ ਕਰਨਾ ਮਨੁੱਖ ਦਾ ਫਰਜ਼ ਹੈ। ਸਫ਼ਲਤਾ ਤਾਂ ਮੌਕੇ ਅਤੇ ਹਾਲਾਤ ਉੱਤੇ ਨਿਰਭਰ ਹੈ।" (ਪੰਨਾ - 14)

ਸ. ਭਗਤ ਸਿੰਘ ਦਾ ਇਹ ਕਹਿਣਾ ਕਿ ਉਹ ਯਥਾਰਥਵਾਦੀ ਹਨ, ਕੇਵਲ ਕਹਿਣ ਮਾਤਰ ਹੀ ਨਹੀਂ ਸੀ। ਉਹਨਾਂ ਹਰ ਮਸਲੇ ਸੰਬੰਧੀ ਯਥਾਰਥਿਕ ਪਹੁੰਚ ਅਪਨਾਉਣ ਦੀ ਕਲਾ ਨੂੰ ਜੀਵਨ ਜਾਂਚ ਦਾ ਹਿੱਸਾ ਬਣਾ ਲਿਆ ਸੀ। ਉਹ ਈਸ਼ਵਰ ਦੀ ਹੋਂਦ ਨੂੰ ਢੁੱਚਰੀ ਨਾਸਤਿਕਾਂ ਵਾਂਗੂੰ ਰੱਦ ਨਹੀਂ ਕਰਦੇ। ਉਹ ਈਸ਼ਵਰ ਦੇ ਸੰਕਲਪ ਦੀ ਹੋਂਦ ਬਾਰੇ ਮਨੁੱਖੀ ਸਮਝ ਦੀ ਇਤਿਹਾਸਕ ਪ੍ਰਕ੍ਰਿਆ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਈਸ਼ਵਰ ਵਿਚ ਵਿਸ਼ਵਾਸ ਮਨ ਦੇ ਬੋਝ ਹਲਕੇ ਕਰਨ ਦਾ ਇਕੋ ਇਕ ਢੰਗ ਨਹੀਂ ਹੈ। ਇਹ ਢੰਗ ਤਾਂ ਮਨੁੱਖੀ ਸਮਝਦਾਰੀ ਦੀ ਅਣਵਿਕਸਤ ਪੱਧਰ ਸਮੇਂ ਲੱਭਿਆ ਗਿਆ ਸੀ। ਹੁਣ ਜਦੋਂ ਕਿਸੇ ਸਥਿਤੀ ਦੇ ਪੈਦਾ ਹੋਣ ਦੇ ਕਾਰਨ ਅਤੇ ਉਸ ਦੇ ਵਾਪਰਨ ਦੇ ਪ੍ਰਭਾਵ ਨੂੰ ਵਿਸ਼ਲੇਸ਼ਣ ਕਰਕੇ ਜਾਣਿਆ ਸਮਝਿਆ ਜਾ ਸਕਦਾ ਹੈ ਤਾਂ ਫਿਰ ਉਸ ਨੂੰ ਕਿਸੇ ਦਿੱਵ ਸ਼ਕਤੀ ਦੁਆਰਾ ਵਾਪਰਨਾ ਸਮਝਣਾ ਅਗਿਆਨਤਾ ਤੋਂ ਸਿਵਾ ਹੋਰ ਕੁਝ ਨਹੀਂ ਹੈ। ਉਹ ਆਪਣੇ ਸੰਬੰਧ ਵਿਚ ਸਜ਼ਾਏ - ਮੌਤ ਦਾ ਹੁਕਮ ਸੁਣ ਚੁੱਕੇ ਸਨ। ਇਸ ਬਾਰੇ ਵੀ ਜਾਣਦੇ ਸਨ ਕਿ ਇਹ ਸਜ਼ਾ ਕਿਉਂ ਮਿਲੀ ਹੈ। ਉਹਨਾਂ ਨੂੰ ਇਸ ਤੋਂ ਬਚਣ ਲਈ ਆਪਣੇ ਸੱਚੇ ਸੁੱਚੇ ਮਨੋਰਥ ਦਾ ਤਿਆਗ ਕਰਨਾ ਮਨਜ਼ੂਰ ਨਹੀਂ ਸੀ। ਮਨੋਰਥ, ਦੇਸ਼ ਦੀ ਸੁਤੰਤਰਤਾ, ਜਿਸ ਦੀ ਪ੍ਰਾਪਤੀ ਲਈ ਉਹਨਾਂ ਤੇ ਉਹਨਾਂ ਦੇ ਸਾਥੀਆਂ ਨੇ ਜੀਵਨ ਅਰਪਨ ਕੀਤਾ ਹੋਇਆ ਸੀ, ਕਿਉਂ ਉਸ ਤੋਂ ਭੱਜਣ ? ਉਹਨਾਂ ਲਈ ਮਨੋਰਥ ਨੂੰ ਤਿਆਗ ਕੇ ਜ਼ਿੰਦਗੀ ਬਚਾਉਣਾ ਸੋਚਿਆ ਵੀ ਨਹੀਂ ਜਾ ਸਕਦਾ ਸੀ। ਉਹਨਾਂ ਨੂੰ ਸਜ਼ਾਏ ਮੌਤ ਭਾਵੇਂ ਨਾ ਵੀ ਹੁੰਦੀ, ਸਿਰਫ਼ ਉਮਰ ਕੈਦ ਹੀ ਹੁੰਦੀ ਜਾਂ ਉਹ ਬਰੀ ਵੀ ਹੋ ਜਾਂਦੇ ਅਤੇ

ਭਾਵੇਂ ਉਹ ਫੜੇ ਵੀ ਨਾ ਜਾ ਸਕੇ ਹੁੰਦੇ। ਉਹ ਆਪਣੇ ਈਸ਼ਵਰ ਦੀ ਅਣਹੋਂਦ ਬਾਰੇ ਪ੍ਰਾਪਤ ਕੀਤੇ ਗਿਆਨ ਨੂੰ ਛੱਡ ਕੇ ਕਿਵੇਂ ਅਗਿਆਨੀ ਤੇ ਅੰਧ-ਵਿਸ਼ਵਾਸੀ ਬਣ ਸਕਦੇ ਸਨ। ਹਰ ਵਿਅਕਤੀ ਆਪਣੇ ਵਿਚਾਰ ਜਾਂ ਵਿਸ਼ਵਾਸ ਆਪਣੀ ਸਮਝਦਾਰੀ ਜਾਂ ਤਰਕ ਦੇ ਆਧਾਰ ਉੱਪਰ ਹੀ ਕਾਇਮ ਕਰਦਾ ਹੈ। ਈਸ਼ਵਰ ਵਿਚ ਵਿਸ਼ਵਾਸ ਵਾਲੇ ਦੀ ਸਮਝ ਦਾ ਘੇਰਾ ਉਸ ਦੇ ਈਸ਼ਵਰ ਪ੍ਰਤੀ ਵਿਸ਼ਵਾਸਾਂ ਤੋਂ ਬਾਹਰ ਨਹੀਂ ਨਿਕਲ ਸਕਦਾ। ਪਰੰਤੂ ਈਸ਼ਵਰ ਦੀ ਹੋਂਦ ਤੋਂ ਇਨਕਾਰ ਕਰਨ ਵਾਲੇ, ਸ. ਭਗਤ ਸਿੰਘ ਜਿਹੇ ਵਿਚਾਰਵਾਨ ਵਿਅਕਤੀਆਂ ਦੀ ਸਮਝ ਦਾ ਘੇਰਾ ਸੰਭਵ ਹੱਦ ਤੱਕ ਵਿਸ਼ਾਲ ਹੁੰਦਾ ਹੈ ਤੇ ਉਹ ਇਸ ਨੂੰ ਅਧਿਐਨ ਦੁਆਰਾ ਲਗਾਤਾਰ ਵਿਸਤਾਰਦੇ ਰਹਿੰਦੇ ਹਨ। ਆਸਤਿਕ ਲੋਕ ਹਰ ਚੰਗੀ ਮਾੜੀ ਘਟਨਾ ਨੂੰ ਈਸ਼ਵਰ ਦੀ ਕਿਰਪਾ ਤੇ ਕਰੋਪੀ ਨਾਲ ਬੰਨ੍ਹੀ ਰੱਖਦੇ ਹਨ। ਉਹ ਸੁਤੰਤਰ ਤੌਰ ਉੱਪਰ ਸੋਚਣ ਤੋਂ ਅਸਮਰਥ ਹੁੰਦੇ ਹਨ ਅਤੇ ਈਸ਼ਵਰ ਦੇ ਭੈ ਦੇ ਭਾਰ ਹੇਠ ਆਤਮ ਵਿਸ਼ਵਾਸ ਤੇ ਬੌਧਿਕ ਸੁਤੰਤਰਤਾ ਤੋਂ ਹੱਥ ਧੋ ਬਹਿੰਦੇ ਹਨ।

ਸ. ਭਗਤ ਸਿੰਘ ਅੱਗੋਂ ਉਪਰੋਕਤ ਸਵਾਲ ਦੇ ਦੂਜੇ ਪੱਖ ਬਾਰੇ ਸਵਾਲ ਉਠਾਉਂਦੇ ਹਨ। ਇਥੇ ਅਸੀਂ ਉਹਨਾਂ ਦੇ ਲੰਬੇ ਹਵਾਲੇ ਦੇਣ ਦੀ ਪਾਠਕਾਂ ਤੋਂ ਆਗਿਆ ਚਾਹੁੰਦੇ ਹਾਂ। ਉਹ ਲਿਖਦੇ ਹਨ, "ਅਤੇ ਦੂਜਾ ਸਵਾਲ ਕਿ ਜੇਕਰ ਇਹ ਘਮੰਡ ਨਹੀਂ ਸੀ ਤਾਂ ਈਸ਼ਵਰ ਦੀ ਹੋਂਦ ਦੇ ਬਾਰੇ ਯਕੀਨ ਅਤੇ ਅੱਜ ਵੀ ਪ੍ਰਚੱਲਤ ਸ਼ਰਧਾ ਉੱਤੇ ਅਵਿਸ਼ਵਾਸ ਦਾ ਕੋਈ ਕਾਰਨ ਹੋਣਾ ਚਾਹੀਦਾ ਹੈ। ਜੀ ਹਾਂ, ਹੁਣ ਮੈਂ ਇੱਧਰ ਆਉਂਦਾ ਹਾਂ। ਇਸ ਦਾ ਕਾਰਨ ਹੈ। ਮੇਰੇ ਵਿਚਾਰ ਵਿਚ ਕੋਈ ਵੀ ਮਨੁੱਖ, ਜਿਸ ਵਿਚ ਜ਼ਰਾ ਜਿੰਨੀ ਵੀ ਤਰਕ ਸ਼ਕਤੀ ਹੈ ਉਹ ਆਪਣੇ (ਸਮਾਜੀ) ਵਾਤਾਵਰਨ ਨੂੰ ਤਾਰਕਿਕ ਤੌਰ ਉੱਤੇ ਸਮਝਣਾ ਚਾਹੇਗਾ। ਜਿੱਥੇ ਸਿੱਧਾ ਪਰਮਾਣ ਨਹੀਂ ਹੁੰਦਾ ਉੱਥੇ ਦਰਸ਼ਨ ਮਹੱਤਵਪੂਰਨ ਸਥਾਨ ਬਣਾ ਲੈਂਦਾ ਹੈ। ਜਿਵੇਂ ਮੈਂ ਪਹਿਲਾਂ ਕਿਹਾ ਸੀ, ਮੇਰੇ ਕੁਝ ਇਨਕਲਾਬੀ ਸਾਥੀ ਕਿਹਾ ਕਰਦੇ ਸਨ ਕਿ ਦਰਸ਼ਨ ਮਨੁੱਖ ਦੀ ਕਮਜ਼ੋਰੀ ਦਾ ਨਤੀਜਾ ਹੈ। ਜਦੋਂ ਸਾਡੇ ਵੱਡੇ ਵਡੇਰਿਆਂ ਨੇ ਵਿਹਲ ਸਮੇਂ ਸੰਸਾਰ ਦੇ ਗੁੱਝੇ ਭੇਤਾਂ ਨੂੰ, ਇਸ ਦੇ ਭੂਤ, ਵਰਤਮਾਨ ਅਤੇ ਭਵਿੱਖ ਨੂੰ, ਇਸ ਦੇ (ਹੋਂਦ ਵਿਚ ਆਉਂਦੇ) ਕਿਉਂ ਅਤੇ ਕਿੱਥੋਂ ਦੇ ਬਾਰੇ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਸਿੱਧੇ (ਸਪਸ਼ਟ) ਪਰਮਾਣਾਂ ਦੀ ਸਖ਼ਤ ਥੁੜ ਦਾ ਅਹਿਸਾਸ ਹੋਇਆ ਤਾਂ ਹਰ ਇਕ ਨੇ ਸਮੱਸਿਆ ਨੂੰ ਆਪਣੇ ਢੰਗ ਨਾਲ ਹੀ ਗੱਲ ਕਰਨ ਦਾ ਯਤਨ ਕੀਤਾ। ਇਸੇ ਕਾਰਨ ਹੀ ਵੱਖੋ ਵੱਖ ਧਰਮਾਂ ਦੇ ਸਿਧਾਂਤਾਂ ਵਿਚ ਵੱਡੇ ਮਤ ਭੇਦ ਹਨ ਜੋ ਕਦੀ ਕਦੀ ਤਾਂ ਤਿੱਖੀਆਂ ਵਿਰੋਧਤਾਈਆਂ ਅਤੇ ਝਗੜਿਆਂ ਦਾ ਰੂਪ ਲੈ ਲੈਂਦੇ ਹਨ। ਨਾ ਸਿਰਫ ਪੂਰਬ ਅਤੇ ਪੱਛਮ ਦੇ ਦਰਸ਼ਨਾਂ ਵਿਚ ਮਤਭੇਦ ਹਨ, ਸਗੋਂ ਹਰ ਗੋਲਾਰਧ ਦੇ ਆਪਣੇ ਵੱਖੋ-ਵੱਖ ਮੱਤਾਂ ਵਿਚ ਵੀ ਮਤਭੇਦ ਹਨ। ਪੂਰਬ ਦੇ ਧਰਮਾਂ ਹਿੰਦੂ ਅਤੇ ਇਸਲਾਮ ਵਿਚ ਜ਼ਰਾ ਜਿੰਨੀ ਵੀ ਇਕਰੂਪਤਾ ਨਹੀਂ ਹੈ। ਭਾਰਤ ਵਿਚ ਹੀ ਬੁੱਧ ਅਤੇ ਜੈਨ ਧਰਮ, ਬ੍ਰਾਹਮਣਵਾਦ ਤੋਂ ਬਹੁਤ ਵੱਖਰਾ ਹੈ ਜਿਸ ਵਿਚ ਖੁਦ ਆਰੀਆ ਸਮਾਜ ਅਤੇ ਸਨਾਤਨ ਧਰਮ ਵਰਗੇ ਵਿਰੋਧੀ ਮਤ ਹਨ। ਪੁਰਾਣੇ ਸਮੇਂ ਵਿਚ ਹੀ **ਚਾਰਵਾਕ*** ਆਪਣੇ ਤੌਰ ਉੱਤੇ ਹੀ ਇਕ ਸੁਤੰਤਰ ਵਿਚਾਰ ਪੱਧਤੀ ਰਹੀ ਹੈ। ਉਹਨਾਂ ਪੁਰਾਣੇ ਸਮੇਂ ਵਿਚ ਈਸ਼ਵਰ ਦੀ

** ਚਾਰਵਾਕ ਇਕ ਪੁਰਾਤਨ ਪਦਾਰਥਵਾਦੀ ਵਿਚਾਰ ਪ੍ਰਣਾਲੀ ਸੀ ਜੋ ਵੇਦਾਂ ਦੇ ਰੱਬੀ ਰੂਪ ਤੇ ਉਸਦੇ ਕਰਮਕਾਂਡਾਂ ਨੂੰ ਰੱਦ ਕਰਦੇ ਸਨ। ਈਸ਼ਵਰ ਦੀ ਹੋਂਦ ਤੋਂ ਇਨਕਾਰੀ ਸਨ ਤੇ ਆਵਾਗਵਨ ਦੇ ਸਿਧਾਂਤ ਨੂੰ ਰੱਦ ਕਰਦੇ ਸਨ।*



ਹਸਤੀ ਨੂੰ ਵੰਗਾਰਿਆ ਸੀ। ਇਹ ਸਾਰੇ ਮੱਤ ਇਕ ਦੂਜੇ ਨਾਲੋਂ ਮੂਲਭੂਤ ਸਵਾਲਾਂ ਉੱਪਰ ਮਤਭੇਦ ਰੱਖਦੇ ਹਨ ਅਤੇ ਹਰ ਕੋਈ ਆਪਣੇ ਆਪ ਨੂੰ ਠੀਕ ਸਮਝਦਾ ਹੈ। ਇਹੋ ਮਾੜੀ ਗੱਲ ਹੈ। ਇਸ ਦੀ ਥਾਂ ਕਿ ਅਸੀਂ ਪੁਰਾਣੇ ਵਿਦਵਾਨਾਂ ਅਤੇ ਵਿਚਾਰਵਾਨਾਂ ਦੇ ਅਨੁਭਵਾਂ ਅਤੇ ਵਿਚਾਰਾਂ ਨੂੰ ਭਵਿੱਖ ਵਿਚ ਅਗਿਆਨਤਾ ਦੇ ਵਿਰੁੱਧ ਲੜਾਈ ਦਾ ਆਧਾਰ ਬਣਾਈਏ ਅਤੇ ਇਸ ਭੇਦ ਭਰੇ ਸਵਾਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੀਏ, ਅਸੀਂ ਆਲਸੀਆਂ ਦੀ ਤਰ੍ਹਾਂ, ਜੋ ਅਸੀਂ ਸਿੱਧ ਹੋ ਚੁੱਕੇ ਹਾਂ, (ਕੱਟੜ ਧਰਮੀ) ਵਿਸ਼ਵਾਸਾਂ ਦੀ ਹਾਲ ਦੁਹਾਈ ਪਾਉਂਦੇ ਰਹੇ ਅਤੇ ਇਸ ਪ੍ਰਕਾਰ ਮਨੁੱਖਤਾ ਦੇ ਵਿਕਾਸ ਵਿਚ ਖੜੋਤ ਲਿਆਉਣ ਦੇ ਦੋਸ਼ੀ ਹਾਂ।"(ਪੰਨਾ-15)

ਏਥੇ ਸ੍ਰ. ਭਗਤ ਸਿੰਘ ਮਨੁੱਖੀ ਗਿਆਨ-ਵਿਗਿਆਨ ਦੇ ਵਿਕਾਸ ਨੂੰ ਰੋਕਣ ਵਾਲੇ ਮੁੱਖ ਕਾਰਨ ਵੱਲ ਸੰਕੇਤ ਕਰਦੇ ਹਨ ਕਿ ਪੁਰਾਤਨ ਸਮੇਂ ਦੇ ਵਿਚਾਰਵਾਨਾਂ ਦੇ ਵਿਚਾਰਾਂ ਨੂੰ ਉਹਨਾਂ ਦੇ ਇਤਿਹਾਸਕ ਪ੍ਰਕਰਣ ਵਿਚ ਰੱਖ ਕੇ, ਸਾਨੂੰ ਆਪਣੇ ਸਮੇਂ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਅੱਜ ਦੀ ਸਥਿਤੀ ਅਨੁਸਾਰ ਲਾਗੂ ਕਰਨਾ ਚਾਹੀਦਾ ਸੀ। ਪਰੰਤੂ ਅੱਜ ਉਹਨਾਂ ਵਿਚਾਰਵਾਨਾਂ ਦੇ ਵਿਚਾਰਾਂ ਅਤੇ ਉਹਨਾਂ ਦੀ ਤਾਰਕਿਕਤਾ ਨੂੰ ਵੀ ਅਗਿਆਨਤਾ ਅੰਧਵਿਸ਼ਵਾਸਾਂ ਨਾਲ ਢਕਿਆ ਹੋਇਆ ਹੈ। ਉਹਨਾਂ ਵਿਚਾਰਵਾਨਾਂ ਨੇ ਉਹਨਾਂ ਦੇ ਸਮੇਂ ਦੇ ਅੰਧਵਿਸ਼ਵਾਸਾਂ ਦੀ ਧੁੰਦ ਆਪਣੇ ਤਰਕ ਨਾਲ ਲਾਹੀ ਸੀ ਜਿਵੇਂ ਗੁਰੂ ਨਾਨਕ ਨਾਲ ਸੰਬੰਧਿਤ ਹਰਿਦੁਆਰ ਵਿਚ ਸੂਰਜ ਨੂੰ ਪਾਣੀ ਦੇਣ ਦੀ ਥਾਂ ਕਰਤਾਰਪੁਰ ਵੱਲ ਪਾਣੀ ਸੁੱਟਣਾ, ਕੁਰੁਕੁਸ਼ੇਤਰ ਵਿੱਚ ਸੂਰਜ ਗ੍ਰਹਿਣ ਸਮੇਂ ਕੁਝ ਨਾ ਕੁਝ ਖਾਣ ਦੇ ਭੈ ਨੂੰ ਹਿਰਨ ਦਾ ਮਾਸ ਰਿੰਨ੍ਹ ਕੇ, ਮੱਕੇ ਵਿੱਚੋਂ ਮੱਕੇ ਵੱਲ ਪੈਰ ਕਰਕੇ, ਕਾਜ਼ੀ ਨੂੰ ਅਹਿਸਾਸ ਕਰਵਾ ਕੇ ਕਿ ਮੌਲਾ ਤਾਂ ਸਾਰੇ ਪਾਸੀਂ ਹੀ ਹੈ ਅਤੇ ਵਲੀ ਕੰਧਾਰੀ ਦੇ ਊਜਾਂ ਦੇ ਰੋੜੇ ਪੱਥਰਾਂ ਦਾ ਉੱਤਰ ਤਰਕ ਦੇ ਸੰਵਾਦ ਰਚਾ ਕੇ ਦੇਣਾ ਆਦਿ ਉਦਾਹਰਨ ਹਨ ਪ੍ਰੰਤੂ ਅੱਜ ਸਿੱਖ ਧਰਮ ਵਿੱਚ ਕਿਸੇ ਕਿੰਤੂ ਦਾ ਮੂੰਹ ਹੁਕਮਨਾਮੇ ਜਾਰੀ ਕਰਨ ਨਾਲ ਬੰਦ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਗੁਰੂ ਗ੍ਰੰਥ ਸਾਹਿਬ ਦੀ ਖੋਜ ਵਿੱਚ ਅਧਿਕਾਰਤ ਵਿਦਵਾਨ ਮਰਹੂਮ ਡਾ. ਪਿਆਰ ਸਿੰਘ ਦਸ ਸਾਲ ਦੀ ਖੋਜ ਤੇ ਆਧਾਰਿਤ ਪੁਸਤਕ **'ਗਾਥਾ ਆਦਿ ਗ੍ਰੰਥ ਕੀ'** ਨੂੰ ਹੁਕਮਨਾਮੇ ਦੁਆਰਾ ਛਾਪੀ ਪੁਸਤਕ ਦੀਆਂ ਹਜ਼ਾਰਾਂ ਕਾਪੀਆਂ ਨੂੰ ਜੰਦਰਾ ਲੱਗਵਾ ਦੇਣਾ ਕਿਸੇ ਤਰ੍ਹਾਂ ਵੀ ਗੁਰੂ ਨਾਨਕ ਦੀ ਉਸ ਧਾਰਨਾ ਦੇ ਪ੍ਰਤੀਕੂਲ ਹੈ ? ਜਿਸਦਾ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ ਕਿ

**"ਜਬ ਲਗ ਦੁਨੀਆਂ ਰਹੀਏ, ਨਾਨਕ ਕੁਝ ਸੁਣੀਏ, ਕੁਝ ਕਹੀਏ।"**

ਸਾਡੇ ਸਮੇਂ ਦੀਆਂ ਸਮੱਸਿਆਵਾਂ ਅਤੇ ਸੰਕਟਾਂ ਦਾ ਹੱਲ ਪੁਰਾਣੇ ਸਮੇਂ ਦੇ ਤਰਕ ਢੰਗ ਦੀ ਸਹਾਇਤਾ ਨਾਲ ਤਾਂ ਹੀ ਹੱਲ ਕਰ ਸਕਦੇ ਹਾਂ। ਪ੍ਰੰਤੂ ਪੁਰਾਣੇ ਸਮੇਂ ਦੇ ਸੀਮਤ ਗਿਆਨ ਦੁਆਰਾ ਨਹੀਂ ਹੱਲ ਕਰ ਸਕਦੇ। ਅੱਜ ਦੇ ਸਮੇਂ ਜਿਸ ਅਗਿਆਨਤਾ ਦੇ ਸ਼ਿਕਾਰ ਹਾਂ ਅਤੇ ਅਨੇਕਾਂ ਸਮਾਜੀ ਅਤੇ ਆਰਥਿਕ ਸੰਕਟਾਂ ਵਿੱਚ ਘਿਰੇ ਹੋਏ ਹਾਂ, ਉਹਨਾਂ ਦਾ ਹੱਲ, ਸੰਕਟਾਂ ਨੂੰ ਮਧਯੁੱਗ ਵਰਗੇ ਸਮਝਣ ਦੀ ਗਲਤੀ ਕਰਕੇ ਪੁਰਾਣੇ ਢੰਗਾਂ ਨਾਲ ਹੱਲ ਕਰਨ ਦਾ ਨਿਸਫਲ ਯਤਨ ਕਰ ਰਹੇ ਹਾਂ। ਮਿਸਾਲ ਦੇ ਤੌਰ ਤੇ ਕੰਪਿਊਟਰ, ਟੈਲੀਵਿਯਨ ਜਾਂ ਫੋਨ ਦੀ ਮੁਰੰਮਤ ਲੁਹਾਰ ਦੇ ਸੰਦਾਂ ਨਾਲ ਨਹੀਂ ਕਰ ਸਕਦੇ। ਇਸ ਦੇ ਲਈ ਅਤੀ ਬਾਰੀਕ ਅਤੇ ਗੁੰਝਲਦਾਰ ਅਲੈਕਟਰੋ ਮਕੈਨੀਕਲ ਗਿਆਨ ਦੀ ਲੋੜ ਹੈ। ਮੈਕਰੋ ਚਿਖਸ, ਸੋਲਡਰਿੰਗ ਆਦਿ ਦੀ ਲੋੜ ਹੈ। ਖੋਤੇ, ਖੱਚਰਾਂ ਊਠਾਂ ਘੋੜਿਆਂ ਦੇ ਯੁੱਗ ਤੋਂ ਪਿੱਛੋਂ ਟਾਂਗੇ, ਸਾਈਕਲਾਂ ਦਾ ਸਮਾਂ ਵੀ ਪਿੱਛੇ ਲੰਘ ਗਿਆ ਹੈ। ਕਈ ਬਾਰ ਤਾਂ ਕਾਰਾਂ, ਬੱਸਾਂ ਅਤੇ ਰੇਲਾਂ ਵੀ, ਕਿਸੇ ਦੂਰ ਦੇਸ਼ ਵਿੱਚ ਪਹੁੰਚਣ

ਲਈ ਬੇਕਾਰ ਜਾਪਦੇ ਹਨ ਤੇ ਹਵਾਈ ਜਹਾਜ਼ ਹੀ ਇੱਕ ਮਾਤਰ ਸਾਧਨ ਰਹਿ ਜਾਂਦਾ ਹੈ। ਈਸ਼ਵਰ ਦਾ ਵਿਸ਼ਵਾਸ ਮਾਨਸਿਕ ਤਸੱਲੀ ਤਾਂ ਦੇ ਸਕਦਾ ਹੈ ਪ੍ਰੰਤੂ ਸਾਡੇ ਸਮੇਂ ਦੇ ਸੰਕਟਾਂ ਦੇ ਯਥਾਰਥ ਨੂੰ ਬਦਲਣ ਜਾਂ ਹੱਲ ਕਰਨ ਦੇ ਅਸਮਰਥ ਹੈ। ਪੁਰਾਤਨ ਵਿਸ਼ਵਾਸ ਜੀਵਨ ਦੀ ਨਿਰਾਰਥਿਕਤਾ ਨੂੰ ਸਿੱਧ ਕਰਨ ਲਈ ਤਾਂ ਬਹੁਤ ਕੁਝ ਕਹਿੰਦੇ ਸੁਣਦੇ ਹਨ ਪ੍ਰੰਤੂ ਜੀਵਨ ਦੀ ਸਾਰਥਿਕਤਾ ਨੂੰ ਦ੍ਰਿੜ ਕਰਵਾਉਣ ਲਈ ਗੁੰਗੇ ਹੋ ਜਾਂਦੇ ਹਨ। ਸ. ਭਗਤ ਸਿੰਘ ਏਸੇ ਲਈ ਲਿਖਦੇ ਹਨ :

"ਹਰ ਇੱਕ ਮਨੁੱਖ ਜੋ ਵਿਕਾਸ ਦਾ ਚਾਹਵਾਨ ਹੈ, ਉਸਨੂੰ ਰੂੜੀਗਤ ਵਿਸ਼ਵਾਸਾਂ ਦੇ ਹਰ ਪਹਿਲੂ ਦੀ ਆਲੋਚਨਾ ਅਤੇ ਉਹਨਾਂ ਉੱਤੇ ਅਵਿਸ਼ਵਾਸ ਕਰਨਾ ਹੀ ਪਵੇਗਾ ਅਤੇ ਉਹਨਾਂ ਨੂੰ ਵੰਗਾਰਨਾ ਹੀ ਪਵੇਗਾ। **ਜੇਕਰ ਕਾਫੀ ਤਰਕ ਦੇ ਪਿੱਛੋਂ ਉਹ ਕਿਸੇ ਸਿਧਾਂਤ ਅਤੇ ਦਰਸ਼ਨ ਦੇ ਲਈ ਪ੍ਰੇਰਤ ਹੁੰਦਾ ਹੈ ਤਾਂ ਉਸ ਵਿਸ਼ਵਾਸ ਦਾ ਸੁਆਗਤ ਹੈ। ਉਸਦਾ ਤਰਕ ਕਈ ਵਾਰ ਗੁੰਮਰਾਹਕੁੰਨ, ਗ਼ਲਤ ਅਤੇ ਝੂਠਾ ਵੀ ਹੋ ਸਕਦਾ ਹੈ।** ਪਰ ਇਸ ਨੂੰ ਸੁਧਾਰਿਆ ਜਾ ਸਕਦਾ ਹੈ। ਕਿਉਂਕਿ ਵਿਵੇਕ ਉਸਦੇ ਜੀਵਨ ਦਾ ਦਿਸ਼ਾ ਸੂਚਕ ਹੈ। ਪਰ **ਸਿਰਫ਼** ਵਿਸ਼ਵਾਸ ਅਤੇ ਅੰਧ ਵਿਸ਼ਵਾਸ ਖ਼ਤਰਨਾਕ ਹੈ।" ਇਹ ਬੁੱਧੀ ਦੀ ਸੁਤੰਤਰਤਾ ਨੂੰ ਅਪਾਹਜ ਬਣਾ ਦਿੰਦਾ ਹੈ ਤੇ ਮਨੁੱਖ ਨੂੰ ਰੋਬੋਟ ਬਣਾ ਦਿੰਦਾ ਹੈ। ਜੋ ਮਨੁੱਖ ਆਪਣੇ ਆਪ ਨੂੰ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ। ਉਸਨੂੰ ਪੁਰਾਣੇ ਵਿਸ਼ਵਾਸਾਂ ਨੂੰ ਤਰਕ ਦੀ ਕਸੌਟੀ ਉੱਪਰ ਵੰਗਾਰਨਾ ਪਵੇਗਾ। ਜੇਕਰ ਕੋਈ ਵਿਸ਼ਵਾਸ ਤਰਕ ਤੇ ਪੂਰਾ ਨਾ ਉੱਤਰੇਗਾ ਉਹ ਟੁਕੜੇ ਟੁਕੜੇ ਹੋ ਜਾਵੇਗਾ ਤੇ ਉਸ ਦੀ ਥਾਂ ਨਵਾਂ ਦਰਸ਼ਨ ਹੀ ਲਵੇਗਾ। ਇਹ ਪ੍ਰਕਿਰਿਆ ਵਿਰੋਧੀ ਵਿਕਾਸੀ ਹੈ। ਜਿਸ ਵਿੱਚ ਨਵੀਂ ਸਥਿਤੀ ਵਿੱਚ ਸਮਾਜ ਨੂੰ ਰਾਹ ਦਰਸਾਉਣ ਵਾਲਾ ਦਰਸ਼ਨ ਪਦਾਰਥਿਕ ਲੋੜਾਂ ਵਿੱਚੋਂ ਆਪਣਾ ਰਾਹ ਬਣਾ ਲੈਂਦਾ ਹੈ। ਭਗਤ ਸਿੰਘ ਲਿਖਦੇ ਹਨ, "ਜਿੱਥੋਂ ਤੱਕ ਮੇਰਾ ਸਵਾਲ ਹੈ। ਮੈਂ ਮੁੱਢ ਤੋਂ ਮੰਨਦਾ ਹਾਂ ਕਿ ਇਸ ਦਿਸ਼ਾ ਵਿੱਚ ਮੈਂ ਅਜੇ ਕੋਈ ਵਿਸ਼ੇਸ਼ ਅਧਿਐਨ ਕਰਾਂ, ਪਰ ਅਜਿਹਾ ਕਰਨ ਦਾ ਕੋਈ ਸੰਯੋਗ ਜਾਂ ਮੌਕਾ ਨਹੀਂ ਮਿਲਿਆ। ਪ੍ਰੰਤੂ ਜਿੱਥੋਂ ਤੱਕ ਇਸ ਵਿਵਾਦ ਦੇ ਨਕਾਰਾਤਮਿਕ ਪੱਖ ਦੀ ਗੱਲ ਹੈ ਮੈਂ ਪ੍ਰਾਚੀਨ ਵਿਸ਼ਵਾਸਾਂ ਦੇ ਠੋਸ ਹੋਣ ਉੱਪਰ ਭਰੋਸੇ ਨਾਲ ਕਿੰਤੂ ਕਰਦਾ ਹਾਂ। ਮੈਨੂੰ ਇੱਕ ਸਰਵਗਿਆਤਾ, ਜੋ ਪ੍ਰਕਿਰਤੀ ਦੀ ਗਤੀ ਦਾ ਮਾਰਗ ਦਰਸ਼ਨ ਅਤੇ ਸੰਚਾਲਨ ਕਰਦਾ ਹੈ, ਦੀ ਅਣਹੋਂਦ ਸੰਬੰਧੀ ਯਕੀਨ ਹੈ। ਅਸੀਂ ਪ੍ਰਕਿਰਤੀ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਸਾਰੇ ਪ੍ਰਗਤੀਸ਼ੀਲ ਅੰਦੋਲਨਾਂ ਦਾ ਉਦੇਸ਼ ਮਨੁੱਖ ਦੁਆਰਾ, ਆਪਣੀ ਸੇਵਾ ਦੇ ਲਈ, ਪ੍ਰਕਿਰਤੀ ਉੱਤੇ ਜਿੱਤ ਪ੍ਰਾਪਤ ਕਰਨਾ ਹੈ। ਇਸ ਦੇ ਪਿੱਛੇ ਦਿਸ਼ਾ ਦੇਣ ਵਾਲੀ ਕੋਈ ਚੇਤਨ ਸ਼ਕਤੀ ਨਹੀਂ ਹੈ। ਇਹੋ ਹੀ ਸਾਡਾ ਦਰਸ਼ਨ ਹੈ।"

ਸ. ਭਗਤ ਸਿੰਘ ਇਹ ਸਪਸ਼ਟ ਕਰਦੇ ਹਨ ਕਿ ਕੋਈ 'ਵਿਸ਼ਵਾਸ' ਜਾਂ 'ਅਵਿਸ਼ਵਾਸ' ਸਿਰਫ ਇਸ ਲਈ ਹੀ ਨਹੀਂ ਕਰ ਲੈਣਾ ਚਾਹੀਦਾ ਕਿ ਇਹ ਕਿਸੇ ਵਿਸ਼ੇਸ਼ ਵਿਅਕਤੀ ਨੇ ਪ੍ਰਵਾਨ ਕਰ ਲਿਆ ਹੈ ਜਾਂ ਰੱਦ ਕਰ ਦਿੱਤਾ ਹੈ ਜਾਂ ਉਸ ਦਾ ਆਖਿਆ ਹੋਇਆ ਹੈ। ਇਹ ਕੋਈ ਵਿਗਿਆਨਕ ਢੰਗ ਨਹੀਂ ਹੈ। ਕਿਸੇ ਵਿਚਾਰ ਨੂੰ ਗ੍ਰਹਿਣ ਕਰਨ ਜਾਂ ਰੱਦ ਕਰਨ ਵਾਲਾ ਵਿਅਕਤੀ ਪ੍ਰਤੀਕਿਰਿਆਵਾਦੀ ਹੋ ਜਾਂਦਾ ਹੈ। ਜੇਕਰ ਉਸਨੂੰ ਈਸ਼ਵਰ ਦੀ ਹੋਂਦ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਰੱਦ ਕਰਨ ਦੀ ਸਮਝ ਨਹੀਂ ਹੈ ਉਸਦੀ ਇਹ ਪਹੁੰਚ ਵੀ ਅੰਧਵਿਸ਼ਵਾਸ ਕਿਸਮ ਦੀ ਹੀ ਹੋਵੇਗੀ। ਮੇਰਾ ਭਾਵ ਸ੍ਰਿਸ਼ਟੀ ਦੀ ਭੌਤਿਕ ਰਚਨਾ ਦਾ ਮੁਢਲਾ ਗਿਆਨ ਹੋਣਾ ਚਾਹੀਦਾ ਹੈ।



ਬਹੁਤ ਸਾਰੇ ਲੋਕ ਮਾਰਕਸਵਾਦ ਦੇ 'ਧਾਰਨੀ' ਨਹੀਂ ਹੁੰਦੇ, ਪਰ ਉਹਨਾਂ ਦਾ ਮਾਰਕਸਵਾਦ ਵਿੱਚ ਵਿਸ਼ਵਾਸ ਹੁੰਦਾ ਹੈ। ਉਹਨਾਂ ਮਾਰਕਸਵਾਦੀ ਵਿਚਾਰ ਵਿਧੀ ਨੂੰ ਸਮਝਿਆ ਨਹੀਂ ਹੁੰਦਾ। ਮਾਰਕਸਵਾਦ ਇੱਕ ਵਿਗਿਆਨਕ ਢੰਗ ਵੀ ਹੈ, ਵਿਗਿਆਨ ਵੀ ਹੈ, ਇਸਨੂੰ ਜੀਵਨ ਅਤੇ ਸਮਾਜ ਦੇ ਸਾਰੇ ਪੱਖਾਂ ਉੱਪਰ ਲਾਗੂ ਕਰਨ ਲਈ ਇਸ ਦੇ ਗੰਭੀਰ ਅਧਿਐਨ ਤੇ ਉਸਨੂੰ ਆਤਮਸਾਤ ਕਰਨਾ ਜ਼ਰੂਰੀ ਹੈ। ਏਸੇ ਲਈ ਭਗਤ ਸਿੰਘ ਕਹਿੰਦੇ ਹਨ ਕਿ "ਮੇਰੀ ਇਹ ਤੀਬਰ ਇੱਛਾ ਰਹੀ ਹੈ ਕਿ ਮੈਂ ਪੂਰਬ ਦੇ ਦਰਸ਼ਨ ਦਾ ਅਧਿਐਨ ਕਰਾਂ, ਪਰ ਅਜਿਹਾ ਕਰਨ ਦਾ ਕੋਈ ਸੰਯੋਗ ਜਾਂ ਮੌਕਾ ਨਹੀਂ ਮਿਲਿਆ। ਪੂਰਬ ਦਾ ਦਰਸ਼ਨ ਧਾਰਮਿਕ ਬਣਾ ਦਿੱਤਾ ਗਿਆ ਹੈ। ਉਸਦੀ ਚੀਰ ਫਾੜ ਕਰਨ ਲਈ ਜੇਕਰ ਵਿਗਿਆਨਕ ਸਮਝ ਨਹੀਂ ਹੋਵੇਗੀ ਤਾਂ ਇਹ ਡਰ ਰਹਿੰਦਾ ਹੈ ਕਿ ਵਿਅਕਤੀ ਉਸੇ ਵਿੱਚ ਹੀ ਫਸ ਕੇ ਨਾ ਰਹਿ ਜਾਵੇ। ਬਿਨਾਂ ਵਿਗਿਆਨਕ ਸਮਝ ਦੇ ਪੁਰਾਤਨ ਦਰਸ਼ਨ ਵਿੱਚ ਪ੍ਰਵੇਸ਼ ਕਰਨਾ, ਜੰਗਲ ਵਿੱਚ ਬਿਨਾਂ ਕੰਪਾਸ ਦੇ ਦਾਖਲ ਹੋਣ ਵਾਲੀ ਗੱਲ ਹੈ। ਹਨੇਰੇ ਵਿੱਚ ਕੋਈ ਬੈਟਰੀ ਜਾਂ ਦੀਵੇ ਤੋਂ ਬਿਨਾਂ ਕਿਸੇ ਚੀਜ਼ ਨੂੰ, ਨਾ ਦੇਖ ਸਕਦਾ ਹੈ, ਨਾ ਪਛਾਣ ਸਕਦਾ ਹੈ। ਹਾਂ, ਟੋਹ ਜ਼ਰੂਰ ਸਕਦਾ ਹੈ।

ਭਗਤ ਸਿੰਘ ਦੀ ਪੁਰਾਤਨ ਦਰਸ਼ਨ ਬਾਰੇ ਪਹੁੰਚ ਵਿਗਿਆਨਕ ਸੀ। ਉਹਨਾ ਦਾ ਵਿਚਾਰ ਸੀ ਕਿ ਪੁਰਾਤਨ ਦਰਸ਼ਨ ਵਿੱਚੋਂ, ਜੋ ਕੁਝ ਵਿਗਿਆਨਕ ਕਸੌਟੀ ਉੱਪਰ ਪੂਰਾ ਉੱਤਰਦਾ ਹੈ, ਉਸਨੂੰ ਲੈ ਕੇ ਹੋਰ ਅੱਗੇ ਵਧਾਇਆ ਜਾ ਸਕਦਾ ਹੈ। ਜਿਵੇਂ ਪੁਰਾਤਨ ਦਰਸ਼ਨ ਸ੍ਰਿਸ਼ਟੀ ਦੀ ਰਚਨਾ ਪੰਜ ਭੂਤਾਂ ਭਾਵ ਪੌਣ, ਪਾਣੀ, ਮਿੱਟੀ, ਅਗਨੀ ਅਤੇ ਆਕਾਸ਼ ਦੇ ਮਿਸ਼ਰਨ ਨਾਲ ਹੋਈ ਕਹਿੰਦਾ ਹੈ। ਜਾਂ ਪ੍ਰਕਿਰਤੀ ਦੀ ਉਤਪਤੀ ਚਾਰ ਖਾਣੀਆਂ ਭਾਵ ਅੰਡਜ, ਜੇਰਜ, ਸਵੈਤਿਜ ਅਤੇ ਉਤਭੁਜ ਢੰਗ ਨਾਲ ਹੋਈ ਕਹਿੰਦਾ ਹੈ। ਸਾਨੂੰ ਉਪਰੋਕਤ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਪਦਾਰਥਵਾਦੀ ਦਰਸ਼ਨ ਦਾ ਆਧਾਰ ਹਨ। ਆਸਤਿਕਾਂ, ਰਹੱਸਵਾਦੀਆਂ ਤੇ ਈਸ਼ਵਰਵਾਦੀਆਂ ਨੇ ਇਸ ਸਪਸ਼ਟ ਪਦਾਰਥਿਕ ਦਰਸ਼ਨ ਨੂੰ ਵਿਚਾਰਵਾਦ ਨਾਲ ਢਕ ਦਿੱਤਾ ਹੋਇਆ ਹੈ। ਸਾਡੀ ਵਿਗਿਆਨਕ ਸਮਝ ਹੀ, ਪਦਾਰਥਵਾਦੀ ਦਰਸ਼ਨ ਨੂੰ, ਰਹੱਸਵਾਦ ਨਾਲੋਂ ਨਿਖੇੜ ਸਕਦੀ ਹੈ। ਈਸ਼ਵਰ ਦੀ ਕਲਪਨਾ ਦੇ ਵਿਚਾਰ ਨੂੰ, ਇਸੇ ਦ੍ਰਿਸ਼ਟੀ ਤੋਂ ਸਮਝਣ ਦੀ ਲੋੜ ਹੈ ਕਿ ਇਹ ਮਨੁੱਖੀ ਸਮਝ ਦੇ ਵਿਕਾਸ ਦੇ ਕਿਸ ਪੜਾ ਉੱਪਰ, ਕਿਉਂ ਅਤੇ ਕਿਵੇਂ, ਸਾਡੇ ਜੀਵਨ ਵਿੱਚ ਤੇ ਸਮਝ ਵਿੱਚ ਸ਼ਾਮਲ ਕਰਨ ਦੀ ਲੋੜ ਪਈ। ਜਿਵੇਂ ਮਾਂ, ਛੋਟੇ ਬੱਚੇ ਦੇ ਇਸ ਲਈ ਪੋਤੜਾ ਦਿੰਦੀ ਹੈ ਕਿ ਉਹ ਮਲ-ਮੂਤਰ ਨਾਲ ਹੋਰ ਕੱਪੜੇ ਤੇ ਆਲਾ ਦੁਆਲਾ ਖ਼ਰਾਬ ਨਾ ਕਰੇ। ਇਹ ਲੋੜ ਬੱਚੇ ਦੇ ਬਚਪਨ ਵਿੱਚ ਮੁਢਲੇ ਇੱਕ ਦੋ ਸਾਲ ਦੀ ਹੁੰਦੀ ਹੈ। ਇਸਦਾ ਮਤਲਬ ਇਹ ਨਹੀਂ ਕਿ ਉਹ ਸਾਰੀ ਉਮਰ ਹੀ ਪੋਤੜਾ ਬੰਨ੍ਹੀ ਫਿਰੇ। ਏਸੇ ਤਰ੍ਹਾਂ ਮਨੁੱਖੀ ਵਿਕਾਸ ਦੇ ਇੱਕ ਪੜਾ ਉੱਤੇ ਅਜਿਹੀ ਲੋੜ ਰਹੀ ਹੋਵੇਗੀ ਪ੍ਰੰਤੂ ਹੁਣ ਵਿਗਿਆਨਕ ਯੁੱਗ ਵਿੱਚ ਮਨੁੱਖ ਦੀ ਸਮਝ ਵਿਕਸਤ ਹੋਈ ਹੈ। ਇਸ ਲਈ ਗੈਰਜ਼ਰੂਰੀ ਵਿਸ਼ਵਾਸਾਂ ਨੂੰ ਕਾਇਮ ਰੱਖਣ ਨਾਲ ਸਗੋਂ ਸਮਾਜੀ ਵਿਕਾਸ ਵਿੱਚ, ਨਿਆਂ, ਬਰਾਬਰਤਾ, ਮਨੁੱਖੀ ਲੋੜਾਂ ਦੀ ਪੂਰਤੀ ਆਦਿ ਦੇ ਅਮਲ ਵਿੱਚ ਲਿਆਉਣ ਵਿੱਚ ਵਿਘਨ ਪੈਂਦਾ ਹੈ। ਸਮਾਜ ਵਿੱਚ ਗ਼ਰੀਬੀ, ਬੀਮਾਰੀ ਅਤੇ ਪਛੜਿਆਪਨ ਲਗਾਤਾਰ ਬਣੇ ਹੋਏ ਹਨ। ਇਸ ਲਈ ਭਗਤ ਸਿੰਘ ਆਪਣੇ ਲੋਕ ਦਰਸ਼ਨ ਨੂੰ ਸੰਖੇਪ ਵਿੱਚ ਇਉਂ ਪ੍ਰੀਭਾਸ਼ਤ ਕਰਦੇ ਹਨ, **"ਪ੍ਰਕਿਰਤੀ ਉੱਪਰ ਜਿੱਤ ਪ੍ਰਾਪਤ ਕਰਕੇ, ਇਸ ਦੇ ਅਨੰਤ ਭੰਡਾਰਾਂ ਅਤੇ ਗੁਪਤ ਸ਼ਕਤੀਆਂ ਨੂੰ ਮਨੁੱਖ ਦੀ ਭਲਾਈ ਲਈ ਵਰਤਿਆ ਜਾਵੇ।"**

# ਧਾਰਮਿਕ ਵਿਸ਼ਵਾਸਾਂ ਉੱਪਰ ਕਿੰਤੂ

ਭਗਤ ਸਿੰਘ ਨੇ ਵੱਖੋ ਵੱਖ ਧਰਮਾਂ ਦੀਆਂ ਮਨੌਤਾਂ ਵਿਸ਼ਵਾਸਾਂ ਦੀ ਸਾਰਥਿਕਤਾ ਅਤੇ ਉਹਨਾ ਦੇ ਆਧਾਰਾਂ ਨੂੰ ਤਰਕ ਦੇ ਨਾਲ ਵੰਗਾਰਦੇ ਹੋਏ ਕੁਝ ਸਵਾਲ ਖੜ੍ਹੇ ਕੀਤੇ ਹਨ। ਇਹਨਾਂ ਨੂੰ ਅਸੀਂ ਹੇਠਾਂ ਦੇ ਰਹੇ ਹਾਂ।

✫ ਜੇਕਰ, ਜਿਵੇਂ ਕਿ ਤੁਹਾਡਾ ਵਿਸ਼ਵਾਸ ਹੈ, ਇੱਕ ਸਰਬਸ਼ਕਤੀਮਾਨ, ਸਰਬਵਿਆਪਕ ਅਤੇ ਸਰਬਗਿਆਨੀ ਈਸ਼ਵਰ ਹੈ ਜਿਸ ਨੇ ਕਿ ਪ੍ਰਿਥਵੀ ਜਾਂ ਵਿਸ਼ਵ ਦੀ ਰਚਨਾ ਕੀਤੀ, ਤਾਂ ਕਿਰਪਾ ਕਰਕੇ ਮੈਨੂੰ ਇਹ ਦੱਸੋ ਕਿ ਉਸਨੇ ਇਹ ਰਚਨਾ ਕਿਉਂ ਕੀਤੀ ? ਕਸ਼ਟਾਂ ਅਤੇ ਸੰਤਾਪਾਂ ਨਾਲ ਭਰੀ ਹੋਈ ਦੁਨੀਆਂ, ਅਸੰਖਾਂ ਦੁੱਖਾਂ ਨਾਲ ਭਰਪੂਰ, ਅਨੰਤ ਝਮੇਲਿਆਂ ਵਿੱਚ ਗ੍ਰਸਤ, ਇੱਕ ਵੀ ਵਿਅਕਤੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੈ।

✫ ਕਿਰਪਾ ਕਰਕੇ ਇਹ ਨਾ ਕਹਿਣਾ ਕਿ ਇਹ ਉਸਦਾ ਨਿਯਮ ਹੈ। ਜੇਕਰ ਉਹ ਕਿਸੇ ਨਿਯਮ ਵਿੱਚ ਬੰਨ੍ਹਿਆ ਹੈ ਤਾਂ ਉਹ ਸਰਬਸ਼ਕਤੀਮਾਨ ਨਹੀਂ ਹੈ। ਉਹ ਵੀ ਸਾਡੇ ਵਾਗੂੰ ਨਿਯਮਾਂ ਦਾ ਦਾਸ ਹੈ। ਕਿਰਪਾ ਕਰਕੇ ਇਹ ਵੀ ਨਾ ਆਖੋ ਕਿ ਇਹ ਉਸਦਾ ਮਨੋਰੰਜਨ ਹੈ। ਨੀਰੂ ਨੇ ਇੱਕ ਰੋਮ ਜਲਾਇਆ ਸੀ। ਉਸਨੇ ਬਹੁਤ ਥੋੜ੍ਹੀ ਗਿਣਤੀ ਵਿੱਚ ਲੋਕਾਂ ਦੀ ਹੱਤਿਆ ਕੀਤੀ ਸੀ। ਉਸਨੇ ਤਾਂ ਆਪਣੇ ਮਨੋਰੰਜਨ ਲਈ ਬਹੁਤ ਥੋੜਾ ਦੁੱਖ ਪੈਦਾ ਕੀਤਾ। ਉਸਦਾ ਇਤਿਹਾਸ ਵਿੱਚ ਕੀ ਥਾਂ ਹੈ ? ਇਤਿਹਾਸਕਾਰ ਉਸਦਾ ਕਿਸ ਨਾਂ ਨਾਲ ਜ਼ਿਕਰ ਕਰਦੇ ਹਨ? ਨਿਰਦਈ ਅਤੇ ਦੁਸ਼ਟ।

✫ ਇੱਕ ਚੰਗੇਜ਼ ਖਾਂ ਨੇ ਹਜ਼ਾਰਾਂ ਜਾਨਾਂ ਲੈ ਲਈਆਂ। ਅਸੀਂ ਹਾਲ ਤੱਕ ਉਸਦੇ ਨਾਂ ਨਾਲ ਘ੍ਰਿਣਾ ਕਰਦੇ ਹਾਂ। ਤਾਂ ਫਿਰ ਕਿਸ ਤਰ੍ਹਾਂ ਤੁਸੀਂ ਆਪਣੇ ਨੂੰ ਨਿਆਂ ਉੱਚਿਤ ਠਹਿਰਾ ਸਕਦੇ ਹੋ ? ਉਸ ਸਵਰਗ ਨੀਰੂ ਨੂੰ ਜੋ ਹਰ ਦਿਨ, ਹਰ ਘੰਟੇ ਅਤੇ ਹਰ ਮਿੰਟ ਅਸੰਖਾਂ ਦੁੱਖ ਦਿੰਦਾ ਰਿਹਾ ਹੈ ਅਤੇ ਅਜੇ ਵੀ ਦੇ ਰਿਹਾ ਹੈ।

✫ ਫਿਰ ਤੁਸੀਂ ਕਿਵੇਂ ਉਸਦੇ ਕੁਕਰਮਾਂ ਦਾ ਪੱਖ ਲੈਣ ਦੀ ਸੋਚਦੇ ਹੋ, ਜੋ ਕਿ ਚੰਗੇਜ਼ ਖਾਂ ਨਾਲੋਂ ਹਰ ਪਲ ਦੋ ਰੱਤੀਆਂ ਵੱਧ ਹੀ ਹੁੰਦਾ ਹੈ।

✫ ਮੈਂ ਪੁੱਛਦਾ ਹਾਂ ਕਿ ਉਸਨੇ ਇਸ ਸੰਸਾਰ ਦੀ ਸਿਰਜਣਾ ਹੀ ਕਿਉਂ ਕੀਤੀ, ਇਸ ਕੁੰਭੀ ਨਰਕ ਦੀ। ਇਸ ਦੀ ਥਾਂ ਜਿੱਥੇ ਲਗਾਤਾਰ ਅਸਹਿ ਬੇਚੈਨੀ ਵਧਦੀ ਹੈ ?

✫ ਸਰਬਸ਼ਕਤੀਮਾਨ ਨੇ ਮਨੁੱਖ ਨੂੰ ਇਸ ਤਰ੍ਹਾਂ ਕਿਉਂ ਪੈਦਾ ਕੀਤਾ, ਜਦੋਂ ਕਿ ਉਹ ਇਸ ਤਰ੍ਹਾਂ ਨਾ ਕਰਨ (ਕਸ਼ਟ ਨਾ ਦੇਣ) ਦੇ ਸਮਰੱਥ ਹੈ ? ਇਸ ਦੀ ਕੀ ਸਫਾਈ ਦਿੱਤੀ ਜਾ ਸਕਦੀ ਹੈ ?

✫ ਕੀ ਤੁਸੀਂ ਇਹ ਕਹਿੰਦੇ ਹੋ ਕਿ ਇਹ ਪਿੱਛੋਂ ਨਿਰਦੋਸ਼ਾਂ, ਕਸ਼ਟ ਸਹਿਨ ਕਰਨ ਵਾਲਿਆਂ ਨੂੰ ਇਨਾਮ ਅਤੇ ਅਪਰਾਧੀਆਂ ਨੂੰ ਦੰਡ ਦੇਣ ਦੇ ਲਈ ਹੋ ਰਿਹਾ ਹੈ ? ਠੀਕ ਹੈ ਚਲੋ ਤੁਸੀਂ ਉਸ ਵਿਅਕਤੀ ਨੂੰ ਕਦੋਂ ਤੱਕ ਉੱਚਿਤ ਠਹਿਰਾਓਗੇ ਜੋ ਸਾਡੇ ਜਿਸਮ ਨੂੰ ਜ਼ਖ਼ਮੀ ਕਰਨ ਦੀ ਹਿੰਮਤ ਕਰਦਾ ਹੈ ਕਿ ਉਹ ਪਿੱਛੋਂ ਉਸ ਉੱਪਰ ਬਹੁਤ ਕੂਲੀ ਅਤੇ ਠੰਢ ਪਾਉਣ ਵਾਲੀ ਮੱਲ੍ਹਮ ਲਾਵੇਗਾ ?



✫ ਗਲੈਡੀਅਰ ਸੰਸਥਾ ਦੇ ਪ੍ਰਬੰਧਕ ਅਤੇ ਸਹਾਇਕ ਕਿੱਥੋਂ ਤੱਕ ਉਚਿੱਤ ਠਹਿਰਾਏ ਜਾ ਸਕਦੇ ਹਨ ਕਿ ਇੱਕ ਭੁੱਖੇ ਖੂੰਖਾਰ ਸ਼ੇਰ ਦੇ ਸਾਹਮਣੇ ਮਨੁੱਖ ਨੂੰ ਸੁੱਟ ਦੇਣ ਕਿ ਜੇਕਰ ਜੰਗਲੀ ਜਾਨਵਰ ਤੋਂ ਉਹ ਬਚ ਜਾਂਦਾ ਹੈ ਤਾਂ ਉਸਦੀ ਖੂਬ ਸੇਵਾ ਕੀਤੀ ਜਾਵੇਗੀ ?

✫ ਇਸ ਲਈ ਮੈਂ ਪੁੱਛਦਾ ਹਾਂ ਕਿ ਉਸ ਚੇਤਨ ਧਰਮ-ਆਤਮਾ ਨੇ ਇਸ ਵਿਸ਼ਵ ਵਿੱਚ ਮਨੁੱਖਾਂ ਦੀ ਸਿਰਜਣਾ ਕਿਉਂ ਕੀਤੀ ? ਅਨੰਦ ਲੈਣ ਦੇ ਲਈ ? ਤਾਂ ਉਸ ਵਿੱਚ ਤੇ ਨੀਰੂ ਵਿੱਚ ਕੀ ਫਰਕ ਹੈ ?"

ਇਹ ਉਪਰੋਕਤ ਸਵਾਲ ਹਿੰਦੂ ਸਿੱਖ ਧਰਮ ਵਿਸ਼ਵਾਸਾਂ ਨੂੰ ਮੁੱਖ ਰੱਖ ਕੇ ਉਠਾਏ ਗਏ ਜਾਪਦੇ ਹਨ। ਅੱਗੇ ਉਹ ਮੁਸਲਮਾਨ ਤੇ ਇਸਾਈ ਧਰਮ ਵਾਲਿਆਂ ਨੂੰ ਉਹਨਾਂ ਦੇ ਈਸ਼ਵਰ ਸੰਬੰਧੀ ਵਿਚਾਰਾਂ ਦੇ ਵਿਸ਼ਵਾਸਾਂ ਨੂੰ ਲੈ ਕੇ ਸਵਾਲ ਪੁਛਦੇ ਹਨ :

✫ ਪਿਆਰੇ ਮੁਸਲਮਾਨੋ ਤੇ ਈਸਾਈਓ : ਮੈਂ ਤੁਹਾਨੂੰ ਪੁੱਛਦਾ ਹਾਂ ਕਿ ਤੁਹਾਡੇ ਕੋਲ ਉੱਪਰ ਪੁੱਛੇ ਗਏ ਸੁਆਲਾਂ ਦਾ ਕੀ ਜਵਾਬ ਹੈ। ਤੁਸੀਂ ਤਾਂ ਪਹਿਲੇ ਜਨਮ ਵਿੱਚ ਵਿਸ਼ਵਾਸ ਨਹੀਂ ਰੱਖਦੇ ਤੁਸੀਂ ਤਾਂ ਹਿੰਦੂਆਂ ਵਾਂਗ ਇਹ ਦਲੀਲ ਪੇਸ਼ ਨਹੀਂ ਕਰਦੇ ਕਿ ਨਿਰਦੋਸ਼ ਵਿਅਕਤੀਆਂ ਦੇ ਕਸ਼ਟ, ਉਹਨਾਂ ਦੇ ਪੂਰਵ-ਜਨਮਾਂ ਦੇ ਕੁਕਰਮਾਂ ਦਾ ਫਲ ਹਨ। ਮੈਂ ਤੁਹਾਨੂੰ ਪੁਛਦਾ ਹਾਂ ਕਿ ਉਸ ਸਰਬਸ਼ਕਤੀਮਾਨ ਨੇ 'ਸ਼ਬਦ' ਦੁਆਰਾ ਵਿਸ਼ਵ ਦੀ ਉਤਪਤੀ ਦੇ ਲਈ ਛੇ ਦਿਨਾਂ ਤੱਕ ਕਿਉਂ ਮੁਸ਼ੱਕਤ ਕੀਤੀ ਅਤੇ ਹਰ ਇੱਕ ਦਿਨ ਕਿਉਂ ਕਹਿੰਦਾ ਰਿਹਾ, "**ਸਭ ਠੀਕ ਹੈ।**"

ਸੱਦੋ ਉਸਨੂੰ ਹੁਣੇ ਏਥੇ। ਦਿਖਾਓ ਉਸਨੂੰ ਪਿਛਲਾ ਇਤਿਹਾਸ ਉਸਨੂੰ ਅੱਜ ਦੀਆਂ ਹਾਲਤਾਂ ਦੀ ਜਾਂਚ ਪੜਤਾਲ ਕਰਨ ਦੇਵੋ। ਅਸੀਂ ਦੇਖਾਂਗੇ ਕਿ ਕੀ ਉਹ ਇਹ ਕਹਿਣ ਦੀ ਹਿੰਮਤ ਕਰ ਸਕਦਾ ਹੈ "**ਸਭ ਠੀਕ ਹੈ।**"

✫ ਜੇਲ੍ਹ ਦੀਆਂ ਕਾਲ ਕੋਠੜੀਆਂ ਤੋਂ ਲੈ ਕੇ, ਝੌਂਪੜੀਆਂ ਅਤੇ ਬਸਤੀਆਂ ਵਿੱਚ ਭੁੱਖ ਨਾਲ ਤੜਪਦੇ ਲੱਖਾਂ ਇਨਸਾਨਾਂ ਦੇ ਸਮੂਹਾਂ ਤੋਂ ਲੈ ਕੇ, ਉਹਨਾਂ ਲੁੱਟੇ ਜਾ ਰਹੇ ਮਜ਼ਦੂਰਾਂ ਤੋਂ ਲੈ ਕੇ ਜੋ ਪੂੰਜੀਵਾਦੀ ਰਾਕਸ਼ਾਂ ਦੁਆਰਾ ਖੂਨ ਚੂਸਣ ਦੀ ਪ੍ਰਕਿਰਿਆ ਨੂੰ ਧੀਰਜ ਜਾਂ ਇਉਂ ਕਹਿਣਾ ਚਾਹੀਦਾ ਹੈ ਨਿਰਜਿੰਦ ਹੋਏ ਦੇਖ ਰਹੇ ਹਨ ਅਤੇ ਉਸ ਮਨੁੱਖੀ ਸ਼ਕਤੀ ਦੀ ਬਰਬਾਦੀ ਦੇਖ ਰਹੇ ਹਨ ਜਿਸ ਨੂੰ ਦੇਖ ਕੇ ਕੋਈ ਵੀ ਵਿਅਕਤੀ, ਜਿਸਨੂੰ ਜ਼ਰਾ ਵੀ ਸੂਝ ਬੂਝ ਹੈ, ਭੈ ਨਾਲ ਕੰਬ ਉੱਠੇਗਾ ਅਤੇ ਵਾਧੂ ਉਤਪਾਦਨ ਨੂੰ ਜ਼ਰੂਰਤਮੰਦ ਲੋਕਾਂ ਵਿੱਚ ਵੰਡਣ ਦੀ ਥਾਵੇਂ ਸਮੁੰਦਰ ਵਿੱਚ ਸੁੱਟ ਦੇਣਾ ਚੰਗਾ ਸਮਝਣ ਤੋਂ ਲੈ ਕੇ, ਰਾਜਿਆਂ ਦੇ ਉਹਨਾ ਮਹਿਲਾਂ ਤੱਕ ਜਿਨ੍ਹਾਂ ਦੀ ਨੀਂਹ ਮਨੁੱਖੀ ਹੱਡੀਆਂ ਉੱਪਰ ਟਿਕੀ ਹੋਈ ਹੈ........ਉਸਨੂੰ ਇਹ ਸਭ ਦੇਖਣ ਦਿਓ ਅਤੇ ਫਿਰ ਪੁੱਛੋ "**ਇਹ ਸਭ ਠੀਕ ਹੈ।**" ਕਿਉਂ ? ਅਤੇ ਕਿੱਥੋਂ ? (ਠੀਕ ਹੈ) ਇਹੋ ਮੇਰਾ ਸਵਾਲ ਹੈ। ਤੁਸੀਂ ਚੁੱਪ ਹੋ। ਠੀਕ ਹੈ ਤਾਂ ਮੈਂ ਅੱਗੇ ਚਲਦਾ ਹਾਂ।"

ਅਤੇ ਹਿੰਦੂਓ, ਤੁਸੀਂ ਫਿਰ ਕਹਿੰਦੇ ਹੋ ਕਿ ਅੱਜ ਜੋ ਕਸ਼ਟ ਭੋਗ ਰਹੇ ਹਨ ਇਹ ਪੂਰਵ ਜਨਮ ਦੇ ਪਾਪੀ ਹਨ। ਠੀਕ ਹੈ। ਤੁਸੀਂ ਕਹਿੰਦੇ ਹੋ ਅੱਜ ਦੇ ਜਾਬਰ ਪਿਛਲੇ ਜਨਮ ਦੇ ਸਾਧੂ ਪੁਰਸ਼ ਸਨ, ਇਸ ਲਈ ਉਹ ਰਾਜਸੱਤਾ ਦਾ ਅਨੰਦ ਮਾਣ ਰਹੇ ਹਨ। ਮੈਨੂੰ ਇਹ ਮੰਨਣਾ ਪੈਂਦਾ ਹੈ ਕਿ ਆਪਣੇ ਵਡੇਰੇ ਬਹੁਤ ਹੁਸ਼ਿਆਰ ਸਨ, ਉਹਨਾਂ ਨੇ ਅਜਿਹੇ ਸਿਧਾਂਤ ਘੜੇ ਜਿਨ੍ਹਾਂ ਵਿੱਚ ਤਰਕ ਅਤੇ ਅਵਿਸ਼ਵਾਸ ਦੇ ਸਾਰੇ ਯਤਨਾਂ ਨੂੰ ਨਿਫਲ ਕਰਨ ਦੀ ਤਾਕਤ ਹੈ। ਪ੍ਰੰਤੂ ਸਾਨੂੰ ਇਹ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਇਹ ਗੱਲਾਂ ਕਿੱਥੋਂ ਤੱਕ ਟਿਕ ਸਕਦੀਆਂ ਹਨ।

ਨਿਆਏ ਸ਼ਾਸਤਰ ਦੇ ਬਹੁਤ ਪ੍ਰਸਿੱਧ ਵਿਦਵਾਨਾ ਦੇ ਅਨੁਸਾਰ ਸਜ਼ਾ ਨੂੰ ਅਪਰਾਧੀ ਉੱਪਰ ਪੈਣ ਵਾਲੇ ਅਸਰ ਦੇ ਆਧਾਰ ਉੱਤੇ ਕੇਵਲ ਤਿੰਨ ਜਾਂ ਚਾਰ ਕਾਰਨਾਂ ਕਰਕੇ ਹੀ ਉਚਿਤ ਠਹਿਰਾਇਆ ਜਾ ਸਕਦਾ ਹੈ। ਉਹ ਹਨ, ਬਦਲਾ, ਭੈ, ਅਤੇ ਸੁਧਾਰ। ਅੱਜ ਬਦਲੇ ਦੇ ਸਿਧਾਂਤ ਦੀ ਸਾਰੇ ਪ੍ਰਗਤੀਵਾਦੀ ਵਿਚਾਰਕ ਨਿੰਦਿਆ ਕਰਦੇ ਹਨ। ਭੈਭੀਤ ਕਰਨ ਦੇ ਸਿਧਾਂਤਾਂ ਦਾ ਵੀ ਅੰਤ ਇਹੋ ਹੀ ਹੈ। ਸੁਧਾਰ ਕਰਨ ਦਾ ਸਿਧਾਂਤ ਹੀ ਕੇਵਲ ਜ਼ਰੂਰੀ ਹੈ ਅਤੇ ਮਨੁੱਖਤਾ ਦੇ ਵਿਕਾਸ ਲਈ ਜ਼ਰੂਰੀ ਹੈ। ਇਸ ਦਾ ਉਦੇਸ਼ ਅਪਰਾਧੀ ਨੂੰ ਇੱਕ ਅਤਿਅੰਤ ਯੋਗ ਅਤੇ ਅਮਨ ਪਸੰਦ ਨਾਗਰਿਕ ਦੇ ਰੂਪ ਵਿੱਚ ਸਮਾਜ ਨੂੰ ਮੋੜ ਕੇ ਦੇਣਾ ਹੈ। ਪਰ ਜੇ ਅਸੀਂ ਮਨੁੱਖਾਂ ਨੂੰ ਅਪਰਾਧੀ ਮੰਨ ਵੀ ਲਈਏ ਤਾਂ ਈਸ਼ਵਰ ਦੁਆਰਾ ਉਹਨਾਂ ਨੂੰ ਦਿੱਤੇ ਕਏ ਦੰਡ ਦੀ ਕੀ ਪ੍ਰਕਿਰਤੀ ਹੈ ?

✫ ਤੁਸੀਂ ਕਹਿੰਦੇ ਹੋ ਕਿ ਉਹ ਉਹਨਾਂ ਨੂੰ ਗਊ, ਬਿੱਲੀ, ਦਰਖ਼ਤ, ਜੜੀ-ਬੂਟੀ ਜਾਂ ਜਾਨਵਰ ਬਣਾ ਕੇ ਪੈਦਾ ਕਰਦਾ ਹੈ। ਤੁਸੀਂ ਅਜਿਹੇ ਚੌਰਾਸੀ ਲੱਖ ਦੰਡ ਗਿਣਾ ਦੇਵੋਗੇ। ਮੈਂ ਪੁੱਛਦਾ ਹਾਂ ਕਿ ਮਨੁੱਖ ਉਪਰ ਇਹਨਾਂ ਦਾ ਸੁਧਾਰਕ ਦੇ ਰੂਪ ਵਿੱਚ ਕੀ ਅਸਰ ਪਵੇਗਾ ?"

ਜਦੋਂ ਭਗਤ ਸਿੰਘ ਵੱਖੋ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਅੱਗੇ, ਉਹਨਾਂ ਦੇ ਵਿਸ਼ਵਾਸਾਂ ਨੂੰ ਝੰਜੋੜਨ ਵਾਲੇ ਸਵਾਲ ਖੜ੍ਹੇ ਕਰਦੇ ਹਨ ਤਾਂ ਇਨ੍ਹਾਂ ਨਾਲ ਉਨ੍ਹਾਂ ਦਾ ਝੰਜੋੜਿਆ ਜਾਣਾ ਕੁਦਰਤੀ ਹੈ। ਵਿਸ਼ਵਾਸ ਜਿਨ੍ਹਾਂ ਉੱਪਰ ਈਸ਼ਵਰ ਦੀ ਹੋਂਦ ਹੀ ਨਹੀਂ ਸਗੋਂ, ਧਰਮ-ਪ੍ਰਚਾਰਕਾਂ, ਮਸੰਦਾਂ ਅਤੇ ਹਾਕਮਾਂ ਦੀਆਂ ਹਕੂਮਤਾਂ ਟਿਕੀਆਂ ਹੋਈਆਂ ਹਨ। ਏਹੋ ਹੀ ਨਹੀਂ ਉਨ੍ਹਾਂ ਵਿਸ਼ਵਾਸਾਂ ਦੇ ਕਾਰਨ ਵਿਸ਼ਾਲ ਜਨ-ਸਮੂਹ ਗਰੀਬੀ, ਕਿਸਮਤ, ਲੁੱਟਾਂ ਅਤੇ ਅਗਿਆਨਤਾ ਦੇ ਬੰਧਨਾਂ ਵਿੱਚ ਜਕੜਿਆ ਹੋਇਆ ਹੈ। ਜਿਵੇਂ ਸ਼ਹਿਦ ਦੇ ਛੱਤੇ ਲਈ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ ਉਹ ਹਵਾ ਵਿੱਚ ਨਹੀਂ ਲਟਕ ਸਕਦਾ। ਏਸੇ ਤਰ੍ਹਾਂ ਹੀ ਮਨੁੱਖੀ ਸਮਾਜ ਵਿੱਚ ਗੁਰਬਤ, ਮਾਨਸਿਕ ਕਮਜ਼ੋਰੀਆਂ, ਸਮਾਜੀ ਊਣਤਾਈਆਂ, ਵੰਡਾਂ, ਵਿਤਕਰੇ, ਵਹਿਮ ਭਰਮ ਆਦਿ ਪੁਰਾਤਨ ਵਿਸ਼ਵਾਸਾਂ-ਅੰਧ ਵਿਸ਼ਵਾਸਾਂ ਦੇ ਸਹਾਰੇ ਹੀ ਖੜੇ ਹਨ। ਪ੍ਰੰਤੂ ਅੱਜ ਦੇ ਵਿਗਿਆਨਕ ਯੁੱਗ ਨੇ ਇਹਨਾਂ ਨੂੰ ਚੈਲੰਜ ਖੜਾ ਕਰ ਦਿੱਤਾ ਹੈ। ਫਿਰ ਵੀ ਸਮਾਜ ਵਿੱਚ ਧਨ ਪਦਾਰਥ ਦੀ ਬਰਾਬਰ ਵੰਡ, ਰਾਜਨੀਤਕ ਕ੍ਰਾਂਤੀਕਾਰੀ ਤਬਦੀਲੀਆਂ ਅਤੇ ਆਮ ਵਿਦਿਆ ਦੇ ਵਿਸਤਾਰ ਤੋਂ ਬਿਨਾਂ ਅੰਧ ਵਿਸ਼ਵਾਸਾਂ ਦਾ ਖ਼ਾਤਮਾ ਅਸੰਭਵ ਹੈ। ਮਨੁੱਖੀ ਕਿਰਤ ਸੁਤੰਤਰ ਨਹੀਂ ਹੈ। ਇਹ ਹਾਕਮ ਜਮਾਤਾਂ ਦੇ ਕਬਜ਼ੇ ਹੇਠ ਹੈ। ਜੇਕਰ ਕਿਰਤ, ਪਦਾਰਥ, ਧਨ, ਈਸ਼ਵਰ ਆਦਿ ਹਾਕਮ ਜਮਾਤਾਂ ਦੇ ਕੰਟਰੋਲ ਵਿੱਚ ਹੋਣ ਤਾਂ ਮਨੁੱਖੀ ਸਮਾਜ ਦੀ ਤਰਸਯੋਗ ਹਾਲਤ ਦਾ ਬਣੇ ਰਹਿਣਾ ਜ਼ਰੂਰੀ ਹੈ। ਇਸ ਸਮਾਜੀ ਪ੍ਰਬੰਧ ਦੇ ਕਾਰਨ ਅਸੀਂ ਗਰੀਬ ਹਾਂ, ਬੇਰੁਜ਼ਗਾਰ ਹਾਂ, ਉੱਚੀ ਨੀਵੀਂ ਜਾਤੀ ਨਾਲ ਸੰਬੰਧਿਤ ਹਾਂ, ਜੀਵਨ ਭਰ ਇਸ ਹਾਲਤ ਵਿੱਚੋਂ ਨਿਕਲਣ ਤੋਂ ਅਸਮਰਥ ਰਹੇ ਹਾਂ, ਅਤੇ ਤੁਹਾਡੇ ਬੱਚੇ ਤੁਹਾਡੇ ਕੋਲੋਂ ਵਰਾਸਤ ਵਿੱਚ ਏਹੋ ਕੁਝ ਪ੍ਰਾਪਤ ਕਰਨ, ਤਾਂ ਕੀ ਤੁਸੀਂ ਚਾਹੋਗੇ ਕਿ ਇਹ ਸਥਿਤੀ ਏਵੇਂ ਹੀ ਬਣੀ ਰਹੇ ? ਤੁਸੀਂ ਇਸ ਸਮਾਜੀ ਦਸ਼ਾ ਨੂੰ ਕਾਇਮ ਰੱਖਣ ਵਾਲੇ ਪ੍ਰਬੰਧ ਅਤੇ ਵਿਸ਼ਵਾਸਾਂ ਦੇ ਪ੍ਰਪੰਚ ਨੂੰ ਕਾਇਮ ਰੱਖ ਕੇ ਇਸ ਨੂੰ, ਕਦੀ ਵੀ ਬਦਲ ਨਹੀਂ ਸਕਦੇ। ਤੁਹਾਨੂੰ ਇਸ ਪ੍ਰਬੰਧ ਨੂੰ ਤੋੜਨ ਲਈ ਟੱਕਰਵੀਂ ਸ਼ਕਤੀ ਪੈਦਾ ਕਰਨੀ ਹੋਵੇਗੀ। ਇਹ ਸ਼ਕਤੀ ਵਿਸ਼ਾਲ ਕਿਰਤੀ ਲੋਕਾਂ ਦੀ ਏਕਤਾ ਵਿੱਚ ਹੈ ਜੋ ਜਿਸ ਦੀ ਅਗਵਾਈ ਕਿਰਤੀ ਲੋਕਾਂ ਦੀ ਵਿਚਾਰਧਾਰਕ ਅਤੇ ਰਾਜਸੀ ਪਾਰਟੀ ਕਰਦੀ ਹੋਵੇ, ਜੋ ਅੰਤਮ ਜਿੱਤ ਵੱਲ ਲੈ ਜਾ ਸਕੇ।



ਜੋ ਲੋਕ ਮਨੁੱਖੀ ਸਮਾਜ ਵਿੱਚੋਂ ਸਾਰੇ ਦੁੱਖਾਂ, ਨਾਬਰਾਬਰੀਆਂ, ਵਿਤਕਰਿਆਂ, ਊਚ, ਨੀਚ, ਗਰੀਬੀ, ਅਮੀਰੀ, ਦੇ ਫਰਕ ਨੂੰ ਮੇਟਣਾ ਚਾਹੁੰਦੇ ਹਨ ਉਹ ਇਸ ਜੜ ਨੂੰ ਫੜਦੇ ਹਨ। ਮਹਾਤਮਾ ਬੁੱਧ ਨੇ ਅਜਿਹਾ ਹੀ ਯਤਨ ਕੀਤਾ ਸੀ, ਕਾਰਲ ਮਾਰਕਸ ਨੇ ਇਹੋ ਨਾੜ ਫੜੀ ਸੀ, ਅਤੇ ਭਗਤ ਸਿੰਘ ਵੀ ਇਹੋ ਕਹਿ ਰਹੇ ਹਨ ਕਿ ਪੁਰਾਣੇ ਸਮਾਜ ਨੂੰ ਬਦਲਣ ਲਈ ਪੁਰਾਣੇ ਸਮਾਜ ਦੇ ਵਿਸ਼ਵਾਸਾਂ ਨੂੰ ਵਿਗਿਆਨਕ ਦਰਿਸ਼ਟੀ ਨਾਲ ਫਰੋਲ ਕੇ ਰੱਦ ਕਰਨਾ ਪਵੇਗਾ।

ਜਦੋਂ ਅਸੀਂ ਧਾਰਮਿਕ ਵਿਸ਼ਵਾਸਾਂ ਨੂੰ ਵਿਅਕਤੀ ਦਾ ਨਿੱਜੀ ਮਾਮਲਾ ਆਖਦੇ ਹਾਂ ਤਾਂ ਇਸ ਦਾ ਅਰਥ ਭਗਤ ਸਿੰਘ ਦੇ ਵਿਚਾਰਾਂ ਤੋਂ ਭਿੰਨ ਨਹੀਂ ਹੈ। ਇਸ ਨਾਲ ਧਾਰਮਿਕ ਆਧਾਰ ਉੱਪਰ ਅਸਲੀ ਝਗੜੇ ਵੀ ਟਲ ਸਕਦੇ ਹਨ ਅਤੇ ਹਾਕਮ ਜਮਾਤਾਂ ਆਪਣੇ ਰਾਜਨੀਤਕ ਉਦੇਸ਼ਾਂ ਦੀ ਪ੍ਰਾਪਤੀ ਲਈ ਧਰਮ ਦੀ ਵਰਤੋਂ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਸਕਦੀਆਂ ਹਨ। ਪ੍ਰੰਤੂ ਇਸ ਤਰ੍ਹਾਂ ਦੀ ਧਰਮਨਿਰਪੱਖਤਾ ਦੀ ਸਮਝ ਵੀ ਸੌਖੀ ਨਹੀਂ ਬਣਦੀ। ਧਰਮ ਨੂੰ ਨਿੱਜ ਤੱਕ ਰੱਖ ਕੇ ਜਾਂ ਧਰਮ ਨਿਰਪੱਖਤਾ ਦੀ ਸਮਝ, ਵਿਅਕਤੀ ਨੂੰ ਆਜ਼ਾਦ ਹੋ ਕੇ, ਬਾਹਰੀ ਜੀਵਨ ਅਤੇ ਸਮਾਜ ਵਿੱਚ ਨਾਬਰਾਬਰੀਆਂ, ਇਸ ਜਮਾਤੀ ਵੰਡ ਨੂੰ ਸਮਝਣ ਦੇ ਸਮਰੱਥ ਬਣਾਉਂਦੀ ਹੈ। ਇਸ ਨਾਲ ਵਿਅਕਤੀ ਸਥਾਪਤ ਸਮਾਜੀ ਰਾਜਸੀ ਪ੍ਰਬੰਧ ਦੇ ਵਿਸ਼ਵਾਸਾਂ ਨਾਲੋਂ ਆਪਣੇ ਆਪ ਨੂੰ ਵੱਖ ਕਰਕੇ, ਉਸਨੂੰ ਵੰਗਾਰਨ ਵਾਲੀ ਲੋਕ ਲਹਿਰ ਨਾਲ ਸ਼ਾਮਲ ਹੋ ਜਾਂਦੀ ਹੈ। ਉਹ ਭੂਤ ਕਾਲ ਵਿੱਚ ਸੋਚਣ ਵਾਲਿਆਂ, ਸਗੋਂ ਭੂਤ ਕਾਲ ਵਿੱਚ ਜੀਣ ਵਾਲਿਆਂ ਨਾਲੋਂ ਵੱਖ ਹੋ ਕੇ, ਵਰਤਮਾਨ ਅਤੇ ਭਵਿੱਖ ਬਾਰੇ ਸੋਚਣ ਲਗਦਾ ਹੈ। ਅਸੀਂ ਆਪਣੀਆਂ ਅੱਜ ਦੀਆਂ ਮੁਸ਼ਕਲਾਂ ਦਾ ਹੱਲ ਪੰਜ ਜਾਂ ਸੌ ਸਾਲ ਪਿੱਛੇ ਜਾ ਕੇ ਨਹੀਂ ਲੱਭ ਸਕਦੇ। ਸਾਨੂੰ ਇਹਨਾਂ ਦੇ ਹੱਲ ਅੱਜ ਦੀ ਵਿਚਾਰਧਾਰਾ ਵਿੱਚੋਂ ਹੀ ਲੱਭਣੇ ਹਨ। ਇਹ ਅੱਜ ਦੀਆਂ ਮੁਸ਼ਕਲਾਂ ਹਨ ਬੀਤੇ ਸਮੇਂ ਦੀਆਂ ਨਹੀਂ ਹਨ।

## ਜੂਨਾਂ ਦੇ ਚੱਕਰ ਦਾ ਸੰਕਲਪ

ਚੌਰਾਸੀ ਲੱਖ ਜੂਨਾਂ ਦਾ ਸੰਕਲਪ ਕਿਸੇ ਤਰ੍ਹਾਂ ਵੀ ਅਧਿਆਤਮਿਕ ਇਨਸਾਫ ਉੱਪਰ ਆਧਾਰਤ ਨਹੀਂ ਹੈ। ਇਹ ਤਾਂ ਭੌਤਿਕ ਪ੍ਰਕਿਰਤੀ ਦੀ ਵਿਭਿੰਨਤਾ ਹੈ। ਇਹ ਆਪਣੇ ਆਪ ਵਿਚ ਕੁਦਰਤ ਹੈ ਜਿਸ ਦੀ ਸੁੰਦਰਤਾ ਦੇ ਅਸੀਂ (ਮਨੁੱਖ ਮਾਤਰ) ਵੀ ਹਿੱਸਾ ਹਾਂ। ਇਸ ਦਾ ਅਰਥ ਇਹ ਨਹੀਂ ਕਿ ਮਨੁੱਖ ਦੇ ਜੀਵਨ ਤੋਂ ਪਹਿਲਾਂ ਸਾਨੂੰ ਵਿਭਿੰਨ ਕੀੜਿਆਂ ਪਤੰਗਿਆਂ, ਜਾਨਵਰਾਂ, ਬਨਸਪਤੀ ਆਦਿ ਵਿਚੋਂ ਲੰਘਣਾ ਪਿਆ ਹੈ। ਇਹ ਜ਼ਰੂਰ ਹੈ ਕਿ ਜਿਨ੍ਹਾਂ ਭੌਤਿਕ ਤੱਤਾਂ ਦਾ ਸਾਡਾ ਸਰੀਰ ਹੈ, ਉਹਨਾਂ ਵਿਚੋਂ ਹੀ ਕਈ ਤੱਤਾਂ ਦੇ ਘਾਟੇ ਵਾਧੇ ਕਾਰਨ, ਮਨੁੱਖ ਤੋਂ ਬਿਨਾਂ ਵੀ ਸਾਰੀ ਸ੍ਰਿਸ਼ਟੀ ਬਣੀ ਹੋਈ ਹੈ।

ਸਮਾਜ ਦੇ ਹੋਂਦ ਵਿਚ ਆਉਣ ਦੇ ਦੇ ਮੁੱਢਲੇ ਸਮੇਂ ਵਿਚ, ਜਦੋਂ ਮਨੁੱਖ ਅੱਜ ਵਾਂਗ ਵਿਕਸਤ ਬੁੱਧੀ ਵਾਲਾ ਨਹੀਂ ਸੀ, ਉਸ ਨੇ ਸਮਾਜ ਵਿਚ ਅਨੁਸਾਸ਼ਨ ਰੱਖਣ ਲਈ, ਇਸ ਤਰ੍ਹਾਂ ਦੇ ਭੈ ਪ੍ਰਚਾਰੇ ਸਨ ਕਿ ਮਨੁੱਖੀ ਸਮਾਜ ਦੇ ਵਿਕਾਸ ਅਤੇ ਸੁੱਖ, ਮਿਲਵਰਤਨ ਆਦਿ ਲਈ, ਗ਼ਲਤ ਸਮਾਜੀ ਤੱਤਾਂ ਨੂੰ ਰੋਕਿਆ ਜਾਵੇ ਜਾਂ ਦੂਜੇ ਅਰਥਾਂ ਵਿਚ ਸਮਾਜ ਭਲਾਈ ਦੇ ਕੰਮਾਂ ਵਿਚ ਸਹਿਯੋਗ ਲਈ ਘੇਰਿਆ ਜਾਵੇ।

ਅੱਜ ਦੀਆਂ ਅਦਾਲਤਾਂ ਤੇ ਨਿਆਂ ਪ੍ਰਬੰਧ ਦਾ ਢਾਂਚਾ, ਪੁਰਾਤਨ ਕਾਲਪਨਿਕ ਮਿਥਿਹਾਸਿਕ ਕਹਾਣੀਆਂ ਉੱਪਰ ਹੀ ਉਸਰਿਆ ਹੋਇਆ ਹੈ। ਨਰਕ, ਕੁੰਭੀ ਨਰਕ, ਵਿਤਰਨੀ

ਨਦੀ, ਸੱਪਾਂ, ਠੂੰਹਿਆਂ ਆਦਿ ਦੀਆ ਭੈਦਾਇਕ ਕਥਾਵਾਂ, ਮਨੁੱਖ ਨੂੰ ਮਾੜੇ ਸਮਾਜੀ ਕੰਮ ਤੋਂ ਰੋਕਣ ਲਈ ਹੀ ਤਾਂ ਸਨ। ਸ਼ਾਇਦ ਅੱਜ ਦੀਆਂ ਅਦਾਲਤਾਂ, ਜੱਜ, ਪੁਲਿਸ, ਖੁਫ਼ੀਆ ਏਜੰਸੀਆਂ ਆਦਿ ਅਧਿਆਤਮਿਕ ਮਿਥਿਆਸਕ ਕਥਾਵਾਂ ਵਿਚੋਂ ਹੀ ਜਨਮੀਆਂ ਹਨ। ਚਿਤਰਗੁਪਤ, ਜਮ, ਧਰਮਰਾਜ, ਵਿਤਰਨੀ ਨਦੀ, ਕੁੰਭੀ ਨਰਕ ਆਦਿ ਅੱਜ ਵੀ ਪੁਲਿਸ ਦੇ ਪੁੱਛ ਗਿੱਛ ਕੇਂਦਰਾਂ, ਥਾਣਿਆਂ, ਜੇਲ੍ਹਾਂ ਆਦਿ ਦੀ ਭੈੜੀ ਦਸ਼ਾ ਦੇ ਰੂਪ ਵਿਚ ਚੌਰਾਸੀ ਲੱਖ ਜੂਨਾਂ ਦੇ ਚੱਕਰ ਦੇ ਨਰਕ ਦਾ ਪ੍ਰਤੀਕ ਬਣੇ ਹੋਏ ਦੇਖੇ ਜਾ ਸਕਦੇ ਹਨ। ਅੱਜ ਦਾ ਮਨੁੱਖ ਪੂੰਜੀਵਾਦੀ ਪ੍ਰਬੰਧ ਦੇ ਹੱਥੋਂ ਇਸ ਕਦਰ ਕਸ਼ਟ ਭੋਗ ਰਿਹਾ ਹੈ ਕਿ ਮਨੁੱਖ ਨੂੰ ਇਹ ਕਹਿਣਾ ਪੈ ਰਿਹਾ ਹੈ ਕਿ "ਨਰਕ ਸੁਰਗ ਇਸ ਧਰਤੀ ਉੱਪਰ ਹੀ ਲੋਕ ਭੋਗ ਰਹੇ ਹਨ।" ਕਈ ਗ਼ਰੀਬ ਤੇ ਕਿਰਤੀ ਇੰਨਾ ਕਸ਼ਟ ਭਰਿਆ ਕੰਮ ਕਰਕੇ ਵੀ ਮਾੜੀ ਜ਼ਿੰਦਗੀ ਬਸਰ ਕਰ ਰਹੇ ਹਨ ਜੋ ਕਿ ਸੁਧਾਰੀ ਜਾ ਸਕਦੀ ਹੈ।

ਭਗਤ ਸਿੰਘ ਆਵਾਗਮਣ ਦੇ ਵਿਸਵਾਸ਼ੀਆਂ ਨੂੰ ਪੁੱਛਦੇ ਹਨ :

ਤੁਸੀਂ ਅਜਿਹੇ ਕਿੰਨੇ ਵਿਅਕਤੀਆਂ ਨੂੰ ਮਿਲੇ ਹੋ ਜੋ ਇਹ ਕਹਿੰਦੇ ਹੋਣ ਕਿ ਉਹ ਕਿਸੇ ਪਾਪ ਕਰਨ ਦੇ ਕਾਰਨ ਗਧੇ ਦੇ ਰੂਪ ਵਿਚ ਪੈਦਾ ਹੋਏ ਸਨ ? ਇਕ ਵੀ ਨਹੀਂ। ਆਪਣੇ ਪੁਰਾਣੇ (ਧਰਮ ਗਰੰਥਾਂ) ਵਿਚੋਂ ਉਦਾਹਰਨ ਨਾ ਦੇਵੋ। ਮੇਰੇ ਕੋਲ ਤੁਹਾਡੀਆਂ ਪੁਰਾਣਿਕ ਕਥਾਵਾਂ ਲਈ ਕੋਈ ਥਾਂ ਨਹੀਂ ਹੈ।

o ਅਤੇ ਫਿਰ, ਕੀ ਤੁਹਾਨੂੰ ਸਮਝ ਹੈ ਕਿ **ਦੁਨੀਆਂ ਵਿਚ ਸਭ ਤੋਂ ਵੱਡਾ ਪਾਪ ਗ਼ਰੀਬ ਹੋਣਾ ਹੈ ?** ਗਰੀਬੀ ਇਕ ਪਾਪ ਹੈ ਇਹ ਇਕ ਦੰਡ ਹੈ।" (ਜ਼ੋਰ ਸਾਡਾ)

ਸ. ਭਗਤ ਸਿੰਘ ਦਾ ਵਿਚਾਰ ਇਹ ਹੈ ਕਿ ਇਕ ਪਾਸੇ ਤਾਂ ਚੌਰਾਸੀ ਲੱਖ ਜੂਨ ਦੀ ਸਜ਼ਾ ਭੁਗਤਨ ਦੀ ਗੱਲ ਹੈ ਅਤੇ ਏਡੀ ਸਜ਼ਾ ਭੁਗਤ ਕੇ ਵੀ ਲੋਕ ਇਸ ਮਨੁੱਖੀ ਜੀਵਨ ਵਿਚ, ਫਿਰ ਵੀ ਗ਼ਰੀਬ ਹੋਣ ਦੀ ਸਜ਼ਾ ਕਿਉਂ ਭੁਗਤ ਰਹੇ ਹਨ ? ਗ਼ਰੀਬ ਘਰ ਵਿਚ ਜਨਮ ਲੈਣਾ ਕੀ ਕਿਸੇ ਦੰਡ ਨਾਲੋਂ ਘੱਟ ਹੈ। ਕੀ ਇਹ ਧੱਕਾ, ਬੇਇਨਸਾਫ਼ੀ, ਨਿਰਦਾਇਤਾ ਨਹੀਂ ਹੈ ? ਅਜਿਹੀ ਹਾਲਤ ਵਿਚ ਈਸ਼ਵਰ ਦੀ ਦਿਆਲਤਾ ਅਤੇ ਇਨਸਾਫ਼ ਕਿੱਥੇ ਹੁੰਦੇ ਹਨ ? ਉਹ ਅੱਗੇ ਕਹਿੰਦੇ ਹਨ।

o "ਮੈਂ ਪੁੱਛਦਾ ਹਾਂ ਕਿ ਅਪਰਾਧ ਵਿਗਿਆਨੀ, ਨਿਆਇ ਸ਼ਾਸਤਰੀ ਅਤੇ ਵਿਧਾਨਕਾਰ ਦੀ ਵਿਦਵਾਨ ਵਜੋਂ ਤੁਸੀਂ ਕਿੱਥੋਂ ਤੱਕ ਪ੍ਰਸ਼ੰਸਾ ਕਰੋਗੇ, ਜੋ ਅਜਿਹੀ ਦੰਡ ਪ੍ਰਕਿਰਿਆ ਦੀ ਵਿਵਸਥਾ ਕਰੇ ਜੋ ਕਿ ਲਾਜ਼ਮੀ ਤੌਰ ਉੱਤੇ ਮਨੁੱਖ ਨੂੰ ਹੋਰ ਅਪਰਾਧ ਕਰਨ ਦੇ ਲਈ ਮਜ਼ਬੂਰ ਕਰੇ ? ਕੀ ਤੁਹਾਡੇ ਈਸ਼ਵਰ ਨੇ ਇਹ ਨਹੀਂ ਸੋਚਿਆ ਸੀ ਜਾਂ ਉਸ ਨੂੰ ਵੀ ਇਹ ਸਾਰੀਆਂ ਗੱਲਾਂ ਮਨੁੱਖਤਾ ਦੁਆਰਾ ਅਕਹਿ ਕਸ਼ਟਾਂ ਦੇ ਝੱਲਣ ਦੀ ਕੀਮਤ ਉੱਪਰ ਆਪਣੇ ਅਨੁਭਵ ਨਾਲ ਸਿੱਖਣੀਆਂ ਚਾਹੀਦੀਆਂ ਸਨ ?

o ਤੁਸੀਂ ਕੀ ਸੋਚਦੇ ਹੋ ਕਿ ਕਿਸੇ ਗ਼ਰੀਬ ਅਤੇ ਅਨਪੜ੍ਹ ਪਰਿਵਾਰ, ਜਿਵੇਂ ਚਮਾਰ ਜਾਂ ਮਜ਼ਦੂਰ ਦੇ ਘਰ ਪੈਦਾ ਹੋਏ, ਮਨੁੱਖ ਦਾ ਕਿਹੋ ਜਿਹਾ ਭਾਗ ਹੋਵੇਗਾ ? ਕਿਉਂਕਿ ਉਹ ਗ਼ਰੀਬ ਹੈ ਇਸ ਲਈ ਪੜ੍ਹਾਈ ਨਹੀਂ ਕਰ ਸਕਦਾ। ਉਹ ਆਪਣੇ ਸਾਥੀ ਮਨੁੱਖਾਂ ਵੱਲੋਂ ਨਫ਼ਰਤ ਕਰਕੇ ਦੁਰਕਾਰ ਦਿੱਤਾ ਜਾਂਦਾ ਹੈ, ਜੋ ਆਪਣੇ ਆਪ ਨੂੰ ਉੱਚੀ ਜਾਤੀ ਵਿਚ ਪੈਦਾ ਹੋਣ ਦੇ ਕਾਰਨ, ਉਸ ਨਾਲੋਂ ਉੱਚਾ ਸਮਝਦੇ ਹਨ। ਉਸ ਦਾ ਅਗਿਆਨ ਉਸ ਦੀ ਗ਼ਰੀਬੀ ਤੇ ਉਸ ਦੇ ਨਾਲ ਕੀਤਾ ਵਰਤਾਓ ਉਸ ਦੇ ਦਿਲ ਵਿਚ ਸਮਾਜ ਪ੍ਰਤੀ ਕਠੋਰਤਾ ਭਰ ਦਿੰਦੇ ਹਨ।



ਫਰਜ਼ ਕਰੋ ਕੋਈ ਪਾਪ ਕਰਦਾ ਹੈ ਤਾਂ ਉਸ ਦਾ ਦੰਡ ਕੌਣ ਭੁਗਤੇਗਾ ? ਈਸ਼ਵਰ, ਉਹ ਆਪ ਜਾਂ ਸਮਾਜ ਵਿਚਲੇ ਬੁੱਧੀਜੀਵੀ ?

o ਉਹਨਾਂ ਲੋਕਾਂ ਨੂੰ ਸਜ਼ਾ ਦੇਣ ਬਾਰੇ ਕੀ ਖਿਆਲ ਹੈ ਜਿਨ੍ਹਾਂ ਦੰਭੀ ਅਤੇ ਘਮੰਡੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਇਹਨਾਂ ਨੂੰ ਅਗਿਆਨੀ ਬਣਾਈ ਰੱਖਿਆ ਜਿੰਨਾਂ ਨੂੰ ਤੁਹਾਡੇ ਗਿਆਨ ਦੀਆਂ ਪਵਿੱਤਰ ਪੁਸਤਕਾਂ ਵੇਦਾਂ ਦੇ ਕੁੱਲ ਵਾਕ ਸੁਣ ਲੈਣ ਕਾਰਨ ਕੰਨਾਂ ਵਿਚ ਪਿਘਲੇ ਹੋਏ ਸਿੱਕੇ ਦੀ ਧਾਰ ਨੂੰ ਸਹਿਣ ਦੀ ਸਜ਼ਾ ਭੁਗਤਣੀ ਪਈ ਸੀ ?

o ਜੇਕਰ ਉਹ ਕੋਈ ਅਪਰਾਧ ਕਰਦੇ ਹਨ ਤਾਂ ਉਸ ਦੇ ਲਈ ਕੌਣ ਜ਼ਿੰਮੇਵਾਰ ਹੋਵੇਗਾ ਅਤੇ ਉਸ ਦਾ ਭਾਰ ਕੌਣ ਝੱਲੇਗਾ ?

## ਈਸ਼ਵਰ ਦੇ ਨਾਂ ਉੱਤੇ ਜ਼ੁਲਮ

ਈਸ਼ਵਰ ਦੇ ਨਾਂ ਉੱਤੇ ਲਿਖਤੀ ਇਤਿਹਾਸ ਤੋਂ ਬਹੁਤ ਪਹਿਲਾਂ ਤੋਂ ਹੀ ਲੋਕਾਂ ਉੱਪਰ ਅਜਿਹੇ ਜ਼ੁਲਮ ਕੀਤੇ ਗਏ ਹਨ ਕਿ ਯਕੀਨ ਨਹੀਂ ਆਉਂਦਾ ਕਿ ਇਹ ਪ੍ਰਭੂ ਭਗਤਾਂ ਦਾ ਕਿਰਦਾਰ ਹੈ ਜਾਂ ਹੈਵਾਨੀਅਤ। ਸਭ ਤੋਂ ਪਹਿਲੇ ਜ਼ੁਲਮ ਮੁੱਢ ਕਦੀਮ ਵਿਚ ਉਸ ਸਮੇਂ ਹੋਏ ਜਦੋਂ ਵੱਡੀ ਗਿਣਤੀ ਵਿਚ ਪਦਾਰਥਵਾਦੀਆਂ ਨੇ ਜੋ ਦਲੀਲ ਨਾਲ ਗੱਲ ਕਰਦੇ ਸਨ, ਵੇਦਾਂ ਨੂੰ ਮੰਨਣ ਵਾਲੇ ਲੋਕਾਂ ਦੇ ਪੁਜਾਰੀਆਂ ਨੂੰ ਦਲੀਲ ਨਾਲ ਨਿਹੱਥਾ ਕਰ ਦਿੱਤਾ ਗਿਆ ਸੀ। ਇਹਨਾਂ ਪਦਾਰਥਵਾਦੀ ਲੋਕਾਂ ਨੂੰ 'ਚਾਰ ਵਾਕੀਏ' ਕਹਿੰਦੇ ਸਨ, ਜਿਸ ਦਾ ਅਰਥ ਹੈ ਮਿੱਠੇ ਬੋਲਾਂ ਵਾਲੇ। ਇਹ ਸਿਲਸਲਾ ਯੁੱਗਾਂ ਤੋਂ ਹੁਣ ਤੱਕ ਚੱਲਦਾ ਆ ਰਿਹਾ ਹੈ। ਇਸਾਈਅਤ ਦੇ ਆਰੰਭ ਸਮੇਂ ਯਹੂਦੀ ਰਾਜ ਤੇ ਧਰਮ ਨੇ, ਈਸਾ ਨੂੰ ਸੂਲੀ ਚਾੜ੍ਹਿਆ। ਫਿਰ ਇਸਾਈਅਤ ਤੇ ਮੁਸਲਮਾਨ ਧਰਮ ਦੇ ਯੁੱਧਾਂ ਵਿਚ, ਤਸੀਹੇ ਦੇ ਦੇ ਕੇ ਲੱਖਾਂ ਲੋਕਾਂ ਨੂੰ ਤਹਿ ਤੇਗ਼ ਕੀਤਾ ਗਿਆ। ਫਿਰ ਮੁਸਲਮ ਧਰਮ ਵਿਚ ਹੀ ਸ਼ੀਆ-ਸੁੰਨੀਆਂ ਦਾ ਯੁੱਧ ਅੱਜ ਤੱਕ ਜਾਰੀ ਹੈ। ਜਿਥੇ ਜਿਹੜਾ ਬਹੁ ਗਿਣਤੀ ਵਿਚ ਹੈ ਉਥੇ ਦੂਜੀ ਘੱਟ ਗਿਣਤੀ ਨੂੰ ਕਤਲ ਕੀਤਾ ਜਾਂਦਾ ਹੈ। ਸਾਡੇ ਗੁਆਂਢ ਪਾਕਿਸਤਾਨ ਵਿਚ ਇਹ ਆਏ ਸਾਲ ਅਸੀਂ ਦੇਖਦੇ ਹਾਂ। ਈਰਾਨ, ਇਰਾਕ ਵਿਚ ਏਹੋ ਕੁਝ ਹੁੰਦਾ ਹੈ। ਭਾਰਤ ਦੀ ਸੁਤੰਤਰਤਾ ਪ੍ਰਾਪਤੀ ਦੇ ਦਿਨ ਤਾਂ ਹਿੰਦੂ, ਸਿੱਖਾਂ ਦਾ ਪਾਕਿਸਤਾਨ ਵਿਚ ਅਤੇ ਮੁਸਲਮਾਨਾਂ ਦਾ ਭਾਰਤ ਵਿਚ ਲਹੂ ਡੁੱਲ੍ਹ ਕੇ ਛੇਵਾਂ ਦਰਿਆ ਵਗਿਆ ਸੀ। 1978 ਵਿਚ ਨਿਰੰਕਾਰੀਆਂ ਤੇ ਸਿੱਖਾਂ, 1984 ਵਿੱਚ ਸਿੱਖਾਂ ਅਤੇ ਹਿੰਦੂਆਂ, 1992 ਵਿਚ ਹਿੰਦੂਆਂ ਨੇ ਮੁਸਲਮਾਨਾਂ ਦੀ ਮਸਜਦ ਢਾਹੀ ਤੇ ਆਹੂ ਲਾਹੇ। ਇਸੇ ਤਰ੍ਹਾਂ ਦੱਖਣੀ ਅਫਰੀਕਾ ਵਿਚ ਕਬੀਲਿਆਂ ਦੇ ਆਪਸੀ ਵਿਰੋਧ ਵਿਚ ਵੀ ਧਾਰਮਿਕ ਜਨੂੰਨ ਦੇ ਅੰਸ਼ ਦੇਖੇ ਜਾ ਸਕਦੇ ਹਨ। ਇਹਨਾਂ ਆਪਸੀ ਧਾਰਮਿਕ ਅਤਿਆਚਾਰਾਂ ਵਿੱਚ ਗ਼ਰੀਬੀ, ਘੱਟ ਗਿਣਤੀ, "ਨੀਵੀਆਂ" ਜਾਤੀਆਂ ਜਿਵੇਂ ਕਿ ਅਖੌਤੀ ਉੱਚ ਜਾਤੀਆਂ ਵਾਲੇ ਸਮਝਦੇ ਹਨ, ਮੂਲ ਕਾਰਨ ਤਾਂ ਹਨ ਹੀ, ਨਾਲ ਹੀ ਰਾਜ ਸੱਤਾ ਮੁੱਖ ਸ਼ਕਤੀ ਹੈ ਜੋ ਦੱਬੇ ਕੁਚਲੇ ਲੋਕਾਂ ਨੂੰ ਹੋਰ ਦਰੜਨ ਲਈ ਹਥਿਆਰ ਬਣਦੀ ਹੈ।

ਅੱਜ ਇੱਕੀਵੀਂ ਸਦੀ ਵਿਚ ਦਾਖਲ ਹੋਣ ਦੇ ਸਮੇਂ ਭਾਰਤ ਵਿਚ ਅਜਿਹੀਆਂ ਫਿਰਕੂ ਜਨੂੰਨੀ ਤੇ ਧਾਰਮਿਕ ਸਮਾਜਵਾਦੀ ਸ਼ਕਤੀਆਂ, ਸੰਘ ਪਰਿਵਾਰ ਦੇ ਰੂਪ ਵਿੱਚ ਕੇਂਦਰ ਵਿੱਚ ਸੱਤਾ ਵਿੱਚ ਹਨ। ਇਹਨਾਂ ਦੇਸ਼ ਭਰ ਵਿਚ ਇਸਾਈ ਭਾਈਚਾਰੇ ਵਿਰੁੱਧ ਅਨੇਕਾਂ ਹਿੰਸਕ ਹਮਲੇ

ਕੀਤੇ ਹਨ। ਗੁਜਰਾਤ ਵਿਚ ਤਾਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਈਸਾਈ ਮਤ ਨਾਲ ਸੰਬੰਧਿਤ ਲੋਕਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰ ਕੇ ਲਿਸਟਾਂ ਬਣਾਈਆਂ ਕਿ ਕਿਸੇ ਸਮੇਂ ਵੀ ਉਹਨਾਂ ਨੂੰ 1984 ਦੇ ਦਿੱਲੀ ਦੰਗਿਆਂ ਵਾਂਗ ਨਿਸ਼ਾਨਾ ਬਣਾਇਆ ਜਾ ਸਕੇ। 'ਰਾਸ਼ਟਰੀ ਸਵੈਮ ਸੇਵਕ ਸੰਘ' ਵਿਚ ਸਰਕਾਰੀ ਮੁਲਜ਼ਮਾਂ ਨੂੰ ਹਿੱਸਾ ਲੈਣ ਲਈ ਫੈਸਲਾ ਵੀ ਕਰ ਲਿਆ ਪਰੰਤੂ ਦੇਸ਼ ਭਰ ਵਿਚ ਇਸ ਵਿਰੁੱਧ ਉੱਠੇ ਤੂਫ਼ਾਨ ਕਾਰਨ ਇਹ ਰੋਕ ਲਿਆ ਗਿਆ। ਇਹ ਸਭ ਕੁਝ ਅਕਸਰ ਕਿਉਂ ? ਕਿ ਇਕ ਫਾਸ਼ੀ ਧਿਰ ਧਰਮ ਦੇ ਨਾਂ ਉੱਪਰ ਦੇਸ਼ ਦੀਆਂ ਘੱਟ ਗਿਣਤੀਆਂ, ਮੁਸਲਮ, ਈਸਾਈ, ਸਿੱਖ ਪਛੜੀਆਂ ਜਾਤੀਆਂ, ਪਛੜੇ ਆਦਿਵਾਸੀ ਕਬੀਲਿਆਂ ਆਦਿ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾਉਣ ਦੀ ਸੇਧ ਵਿਚ ਯਤਨਸ਼ੀਲ ਹੈ। ਇਹ ਸਾਰਾ ਕੁਝ ਬਹੁਗਿਣਤੀ ਧਰਮ ਦੀ ਹਉਮੈ ਦੇ ਕਾਰਨ ਇਤਿਹਾਸ ਦਾ ਚੱਕਾ ਪਿੱਛੇ ਮੋੜਨ ਲਈ ਹੀ ਤਾਂ ਹੈ। ਅਜਿਹੇ ਦੂਰ ਪ੍ਰਭਾਵਾਂ ਨੂੰ ਪਹਿਲਾਂ ਤੋਂ ਹੀ ਭਾਂਪ ਕੇ ਭਗਤ ਸਿੰਘ ਧਰਮ ਸੰਬੰਧੀ ਨਾਸਤਿਕਤਾ ਵਾਲੀ ਪਹੁੰਚ ਨੂੰ ਦਲੀਲ ਸਹਿਤ ਅੱਗੇ ਲਿਆਉਂਦੇ ਹਨ। ਇਥੇ ਇਸ ਦਾ ਇਕ ਹੋਰ ਪੱਖ ਇਹ ਵੀ ਦੇਖ ਸਕਦੇ ਹਾਂ ਕਿ ਦੇਸ਼ ਆਜ਼ਾਦ ਹੋਣ ਸਮੇਂ ਜਿਸ ਤਰ੍ਹਾਂ ਦੀ ਸਮਾਜਿਕ ਸਥਿਤੀ ਵਿਚ ਸੀ ਅੱਜ ਉਸ ਤੋਂ ਹਾਲਤ ਬਹੁਤੀ ਬਦਲੀ ਹੋਈ ਨਹੀਂ ਹੈ। ਬੇਸ਼ਕ ਸੜਕਾਂ, ਬਿਜਲੀ, ਟੈਲੀਫੂਨ, ਕਾਰਾਂ, ਸਕੂਟਰਾਂ, ਕੰਪਿਊਟਰਾਂ, ਇੰਟਰਨੈੱਟ ਆਦਿ ਮੱਧ ਵਰਗ ਤੱਕ ਦੇ ਬਹੁਤੇ ਲੋਕਾਂ ਦੇ ਕੋਲ ਆ ਚੁੱਕੇ ਹਨ। ਦੇਸ਼ ਦੀ ਵੰਡ ਸਮੇਂ ਭਾਰਤ ਦੀ ਆਬਾਦੀ 36 ਕਰੋੜ ਰਹਿ ਗਈ ਸੀ। ਅੱਜ ਇਕ ਅਰਬ ਨੂੰ ਟੱਪ ਗਈ ਹੈ। ਉਸ ਸਮੇਂ ਦੇਸ਼ ਦੀ ਜਿੰਨੀ ਆਬਾਦੀ ਸੀ ਅੱਜ ਉਸ ਤੋਂ ਵੱਧ ਲੋਕ ਅਤਿ ਦੇ ਗਰੀਬ ਹਨ, ਬੇਰੁਜ਼ਗਾਰ ਤਾਂ ਹੋਰ ਵੀ ਵੱਧ ਹਨ। ਅਨਪੜ੍ਹਾਂ ਦੀ ਗਿਣਤੀ 40 ਕਰੋੜ ਤੋਂ ਵੀ ਵੱਧ ਹੈ। ਸਿਹਤ ਸੇਵਾਵਾਂ ਹਰ ਇਕ ਦੀ ਪਹੁੰਚ ਤੋਂ ਬਾਹਰ ਹਨ। ਅੰਧ ਵਿਸਵਾਸ਼ ਦੀ ਜਕੜ ਮੱਧ ਵਰਗ ਵਿਚ ਵੀ ਬਹੁਤ ਹੈ। ਫਿਰ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਹਾਲਤ ਪਹਿਲਾਂ ਨਾਲੋਂ ਬਦਲ ਗਈ ਹੈ।

ਇਹ ਸਾਰਾ ਕੁਝ ਅਤੇ ਮੁਸ਼ਕਲਾਂ ਦੇ ਪਹਾੜ ਅੱਧਾ ਦੇਸ਼ ਕਿਵੇਂ ਸਹਿਣ ਕਰੀ ਜਾ ਰਿਹਾ ਹੈ ਅਤੇ ਕਿਉਂ ? ਇਸ ਲਈ ਕਿ ਲੋਕਾਂ ਨੂੰ ਇਸ ਸਭ ਕੁਝ ਜਰੀ ਜਾਣ ਲਈ ਅਤੇ ਸਿਰ ਸੁੱਟ ਕੇ ਬੈਠੇ ਰਹਿਣ ਲਈ, ਰੋਜ਼ ਸਵੇਰੇ ਧਰਮ ਸਥਾਨਾਂ ਦੇ ਸਪੀਕਰਾਂ ਤੋਂ ਭਾਣਾ ਮੰਨਣ, ਨਾਮ ਨਾ ਜਪਣ ਦੇ ਕਾਰਨ ਗ਼ਰੀਬ ਰਹਿਣਾ, ਗਰੀਬੀ ਤੇ ਦੁੱਖ ਦੂਰ ਕਰਨ ਲਈ ਨਾਮ ਹੀ ਸਭ ਕੁਝ ਆਦਿ ਦਾ ਪ੍ਰਚਾਰ ਸਿਰ ਸੁੰਨ ਕਰਨ ਲਈ ਕੀਤਾ ਜਾ ਰਿਹਾ ਹੈ। ਨਾਲੋ ਨਾਲ ਚੜ੍ਹਾਵੇ-ਭੇਟਾ ਦੇ ਰੂਪ ਵਿਚ ਲੱਖਾਂ-ਕਰੋੜਾਂ ਰੋਜ਼ ਹੀ ਇਕੱਠੇ ਕੀਤੇ ਜਾਂਦੇ ਹਨ। ਇਹ ਸਭ ਕੁਝ ਜੇ ਹੋਰ ਨਹੀਂ ਤਾਂ ਅੱਜ ਸ਼ੋਰ ਪ੍ਰਦੂਸ਼ਨ ਦੇ ਕਾਨੂੰਨ ਹੇਠ ਬੰਦ ਹੋਣਾ ਚਾਹੀਦਾ ਹੈ। ਪਰ ਨਹੀਂ, ਕਿਉਂਕਿ ਇਸ ਕਾਨੂੰਨ ਨੂੰ ਲਾਗੂ ਕਰਨਾ ਹਾਕਮ ਜਮਾਤਾਂ ਦੀ ਲੁੱਟ ਵਿਚ, ਲੋਕਾਂ ਦੀ ਜਾਗਰਤੀ ਦਾ ਕਾਰਨ ਬਣ ਕੇ, ਵਿਘਣ ਪਾ ਸਕਦਾ ਹੈ।

ਵੈਸੇ ਤਾਂ ਅਜੇ ਅਸੀਂ ਹਰ ਰੋਜ਼ ਹੀ, ਪਰ ਖ਼ਾਸ ਤਿਉਹਾਰ, ਉਤਸਵਾਂ, ਐਤਵਾਰਾਂ, ਵੀਰਵਾਰਾਂ, ਮੱਸਿਆਵਾਂ, ਪੁੰਨਿਆ, ਸੰਗਰਾਂਦਾਂ ਆਦਿ ਸਮੇਂ ਅਤੇ ਸਾਧਾਂ ਸੰਤਾਂ, ਸੰਤਨੀਆਂ ਦੇ ਕਥਾ ਦੀਵਾਨਾਂ ਲਈ ਲੋਕ ਟਰਾਲੀਆਂ, ਟਰੱਕਾਂ, ਬੱਸਾਂ ਤੇ ਹੋਰਨਾਂ ਸਾਧਨਾਂ ਦੁਆਰਾ ਧਾਵਾ ਕਰੀ ਨੱਠੇ ਜਾਂਦੇ ਦੇਖਦੇ ਹਾਂ, ਪਰ ਕੀ ਕਦੇ ਸੋਚਿਆ ਹੈ ਕਿ ਇਸ ਤਰ੍ਹਾਂ ਕਿਉਂ ਹੈ ? ਕੀ ਲੋਕ ਇੰਨੇ ਹੀ ਧਾਰਮਿਕ ਹੋ ਗਏ ਹਨ ? ਇਹ ਵਹੀਰਾਂ ਘਤੀ ਲੋਕ ਨਿੱਜੀ, ਪ੍ਰਵਾਰਿਕ ਤੇ ਸਮੂਹਿਕ ਕਸ਼ਟਾਂ, ਖ਼ਾਸ ਕਰਕੇ ਆਰਥਿਕ ਤੰਗੀਆਂ, ਸਰੀਰਕ ਤੇ ਮਾਨਸਿਕ ਬੀਮਾਰੀਆਂ -



ਖ਼ਾਸ ਕਰਕੇ ਗ਼ਰੀਬੀ - ਦੇ ਕਾਰਨ ਇਹ ਸੋਚ ਕੇ ਕਥਾ ਕੀਰਤਨ ਦੇ ਇਕੱਠਾਂ ਤੇ ਤੀਰਥ ਯਾਤਰਾਵਾਂ ਤੇ ਜਾਂਦੇ ਹਨ ਕਿ ਸ਼ਾਇਦ ਸਾਡੀ ਗ਼ਰੀਬੀ, ਬੀਮਾਰੀ ਤੇ ਪ੍ਰੇਸ਼ਾਨੀ ਤੋਂ ਮੁਕਤੀ ਹੋ ਜਾਵੇਗੀ। ਇਹ ਡੂੰਘੇ ਆਰਥਿਕ ਸੰਕਟ ਦਾ ਸੰਕੇਤ ਮਾਤਰ ਹੈ ਨਾ ਕਿ ਲੋਕਾਂ ਦੀ ਧਾਰਮਿਕਤਾ ਤੇ ਪ੍ਰਫੁੱਲਤ ਹੋਣ ਦਾ ਇਹ ਅਣਪੜ੍ਹਤਾ ਕਾਰਨ ਅੰਧਵਿਸ਼ਵਾਸਾਂ ਦੇ ਕਾਰਨ ਹੈ।

ਸੋ ਰੱਬ ਦੇ ਨਾਂ ਤੇ ਦੂਜੇ ਧਰਮ ਦੇ ਲੋਕਾਂ ਉੱਪਰ ਹਿੰਸਕ ਹਮਲਿਆਂ ਤੋਂ ਲੈ ਕੇ ਅੰਧਵਿਸ਼ਵਾਸਾਂ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਇਹੋ ਸੱਤਾ - ਸੰਪਤੀਵਾਨ ਸ਼੍ਰੇਣੀਆਂ ਦੇ ਹਿੱਤਾਂ ਦੀ ਰੱਖਿਆ ਲਈ ਵਿਚਾਰਧਾਰਕ ਡੀਫੈਂਸ ਬਣ ਜਾਂਦਾ ਹੈ।

ਦੇਸ਼ ਦੇ ਵਿਸ਼ਾਲ ਲੋਕਾਂ ਵਿਚ ਅਨਪੜ੍ਹਤਾ, ਅੰਧਵਿਸ਼ਵਾਸਾਂ ਦਾ ਆਸਤਿਕਤਾ ਦੇ ਨਾਂ ਹੇਠ ਪਾਸਾਰ ਉਹਨਾਂ ਦੇ ਗਰੀਬੀ, ਨਾ-ਬਰਾਬਰਤਾ, ਜਾਤ-ਪਾਤ ਆਦਿ ਦੇ ਵਿਰੁੱਧ ਸੰਘਰਸ਼ਾਂ ਦੇ ਰਾਹ ਪੈਣ ਤੋਂ ਰੋਕਦੇ ਹਨ। ਕੇਵਲ ਰੋਕਦੇ ਹੀ ਨਹੀਂ, ਸਗੋਂ ਸੰਘਰਸ਼ਾਂ ਦੇ ਵਿਰੁੱਧ ਭੁਗਤਦੇ ਹਨ। ਸ਼ਹੀਦ ਭਗਤ ਸਿੰਘ ਦੇ ਸਮੇਂ ਕੇਵਲ ਇਕ ਬਰਤਾਨਵੀ ਸਾਮਰਾਜ ਅਤੇ ਉਸ ਦੇ ਦੇਸੀ ਝੋਲੀ ਚੁੱਕਾਂ, ਰਾਜਿਆਂ ਰਜਵਾੜਿਆਂ ਦਾ ਤਬਕਾ ਸੀ, ਅੱਜ ਅਮਰੀਕਾ ਤੇ ਦੂਜੇ ਸਾਮਰਾਜੀ ਦੇਸ਼ਾਂ ਤੋਂ ਬਿਨਾਂ, ਦੇਸ਼ ਦੀ ਵੱਡੀ ਸਰਮਾਏਦਾਰੀ ਤੇ ਇੰਡਸਟਰੀਅਲ ਜਗੀਰਦਾਰਾਂ ਦਾ ਬੜਾ ਵੱਡਾ ਗਿਰੋਹ ਹੈ। ਇਸ ਲੁਟੇਰੇ ਗਿਰੋਹ ਦੀ ਅਗਵਾਈ ਅਮਰੀਕਨ ਸਾਮਰਾਜ ਕਰ ਰਿਹਾ ਹੈ। ਇਸ ਨੂੰ ਹਰਾਉਣ ਲਈ ਲੋਕ ਜਮਹੂਰੀ ਸ਼ਕਤੀਆਂ ਨੂੰ ਇਕ ਮੁੱਠ ਕਰਨ ਵਿਚ ਯਤਨਸ਼ੀਲ ਹੋਣਾ ਸਮੇਂ ਦੀ ਲੋੜ ਹੈ। ਇਸ ਸਮੇਂ ਲੋਕਾਂ ਦੇ ਸੰਘਰਸ਼ ਕਰਨ ਦੀ ਆਜ਼ਾਦੀ, ਹੜਤਾਲਾਂ-ਰੈਲੀਆਂ ਆਦਿ ਕਰਨ ਉੱਪਰ ਟੇਢੇ ਢੰਗਾਂ ਨਾਲ ਪਾਬੰਦੀਆਂ ਲਾਉਣ ਦੇ ਯਤਨ ਹੋ ਰਹੇ ਹਨ। ਇਹਨਾਂ ਲੋਕਾਂ ਦੀ ਆਜ਼ਾਦੀ ਦੀ ਰਾਖੀ ਵੀ ਸੰਘਰਸ਼ਾਂ ਦਾ ਇਕ ਮਨੋਰਥ ਬਣਦਾ ਹੈ।

ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ - ਉਪਰੋਕਤ ਕਿਸਮ ਦੀ ਆਸਤਿਕਤਾ ਤੋਂ ਛੁਟਕਾਰੇ ਲਈ ਇਸ ਲਈ ਪ੍ਰੇਰਦੀ ਹੈ ਕਿ ਖੁਸ਼ਹਾਲ ਜੀਵਨ ਲਈ, ਸੱਚੇ ਅਰਥਾਂ ਵਿਚ ਲੋਕ ਜਮਹੂਰੀ ਪ੍ਰਬੰਧ ਦੀ ਸਥਾਪਤੀ ਲਈ ਚੇਤਨ ਯਤਨ ਕਰਨ ਦੀ ਲੋੜ ਹੈ। ਜੋ ਕੁਝ ਰੱਬ ਦੇ ਨਾਂ ਤੇ ਪ੍ਰਚਾਰਿਆ ਜਾ ਰਿਹਾ ਹੈ ਇਹ ਅਸਲ ਵਿਚ ਹਾਕਮ ਰੱਬ ਦੀ ਰਾਖੀ ਲਈ ਹੈ ਜੋ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਆਦਿ ਦੇ ਨਰਕ ਕੁੰਡ ਹਨ।

ਸ. ਭਗਤ ਸਿੰਘ ਸਪਸ਼ਟ ਸ਼ਬਦਾਂ ਵਿਚ ਸਾਨੂੰ ਸੰਬੋਧਿਤ ਹਨ :

"ਮੇਰੇ ਪਿਆਰੇ ਦੋਸਤੋ ! ਇਹ ਸਿਧਾਂਤ ਵਿਸ਼ੇਸ਼ ਅਧਿਕਾਰਾਂ ਵਾਲਿਆਂ ਦੀ ਕਾਢ ਹੈ। ਇਹ ਆਪਣੀ ਹਥਿਆਈ ਹੋਈ ਸ਼ਕਤੀ, ਪੂੰਜੀ ਅਤੇ ਉਚਿਤਾ ਨੂੰ ਇਹਨਾਂ ਸਿਧਾਂਤਾਂ ਦੇ ਆਧਾਰ ਉੱਤੇ ਸਹੀ ਠਹਿਰਾਉਂਦੇ ਹਨ। ਹਾਂ ਸ਼ਾਇਦ ਇਹ 'ਅਪਟੋਨ ਸੰਕਲੇਅਰ' ਸੀ ਜਿਸ ਨੇ ਕਿਹਾ ਸੀ ਮਨੁੱਖ ਨੂੰ ਸਿਰਫ਼ ਅਮਰ ਹੋ ਜਾਣ ਵਿਚ ਵਿਸ਼ਵਾਸ ਦਿਵਾ ਦੇਵੋ ਅਤੇ ਉਸ ਤੋਂ ਪਿੱਛੋਂ ਉਸ ਦਾ ਸਾਰਾ ਧਨ ਅਤੇ ਸੰਪਤੀ ਲੁੱਟ ਲਵੋ। ਉਹ ਬਿਨਾਂ ਰੌਲਾ ਪਾਇਆਂ, ਇਸ ਕੰਮ (ਲੁੱਟਣ ਵਿਚ) ਤੁਹਾਡੀ ਸਹਾਇਤਾ ਕਰੇਗਾ। ਧਰਮ ਉਪਦੇਸ਼ਕਾਂ ਅਤੇ ਸੱਤਾਵਾਨਾਂ ਦੇ ਗਠਬੰਧਨਾਂ ਤੋਂ ਹੀ ਜੇਲ੍ਹਾਂ, ਫਾਂਸੀ ਘਰਾਂ, ਕੋਰੜੇ ਅਤੇ ਇਹ ਸਿਧਾਂਤ ਪੈਦਾ ਹੁੰਦੇ ਹਨ।"

ਅਸੀਂ ਸਾਰਾ ਸਾਲ ਦੇਖਦੇ ਹਾਂ ਕਿ ਲੰਗਰਾਂ, ਛਬੀਲਾਂ, ਕਾਰ ਸੇਵਾ ਆਦਿ ਦੇ ਨਾਂ ਤੇ ਕਿਵੇਂ ਕਰੋੜਾਂ ਅਰਬਾਂ ਦੀ ਆਮਦਨ ਦਾ ਵਪਾਰ ਚਲਦਾ ਹੈ। ਕਈ ਬਾਰੀ ਅਜਿਹੇ ਸਥਾਨਾਂ ਦੀ ਕਾਰਸੇਵਾ ਵਿੱਚੋਂ ਪ੍ਰਬੰਧਕ ਲੱਖਾਂ ਦਾ ਕਮਿਸ਼ਨ ਵਸੂਲਦੇ ਹਨ। ਇਹ ਦਾਨ, ਸ਼ਰਧਾ ਤੇ

ਸੇਵਾ ਦੇ ਬਦਲ ਵਿੱਚ ਇਹ ਆਸਤਿਕ ਲੁਟੇਰੇ ਲੋਕਾਂ ਨੂੰ ਝੂਠੇ ਦਿਲਾਸੇ ਮੁਕਤੀ, ਤੰਦਰੁਸਤੀ, ਰੁਜ਼ਗਾਰ, ਗਰੀਬੀ ਦੂਰ ਕਰਨ ਦੀ ਤਸੱਲੀ। ਜਿਸ ਨੂੰ ਮਨਾਂ ਵਿੱਚ ਵਸਾ ਕੇ ਘਰਾਂ ਨੂੰ ਪਰਤ ਕੇ ਮੁੜ ਉਸੇ ਕਸ਼ਟਾਂ ਭਰੇ ਜੀਵਨ ਦੇ ਖੂਹ ਵਿੱਚ ਜਾ ਡਿੱਗਦੇ ਹਨ। ਭੰਡਾਰੇ ਭਰਪੂਰ ਰਹਿਣ, ਸੁਖੀ ਰਹਿਣ, ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਆਦਿ ਦੇ ਆਸ਼ੀਰਵਾਦ ਵੰਡਦੇ ਇਹ ਲੋਕ ਆਪ ਕਾਰਾਂ, ਕੋਠੀਆਂ, ਫੈਕਟਰੀਆਂ, ਬੈਂਕਾਂ ਵਿੱਚ ਵੱਡੇ ਖਾਤਿਆਂ ਵਾਲੇ ਬਣ ਜਾਂਦੇ ਹਨ ਤੇ ਲੋਕਾਂ ਨੂੰ ਮਾਇਆ ਨਾਗਨੀ, ਮਾਇਆ ਜਾਲ ਤੋਂ ਮੁਕਤੀ ਪਾਉਣ ਲਈ 'ਨਾਮ' ਦਾ ਦਾਰੂ, ਮਦਾਰੀ ਦੇ ਤਮਾਸ਼ੇ ਵਾਂਗ ਕਰਕੇ ਧੂੜਾਂ ਉਡਾਉਂਦਿਆਂ ਕਾਰਾਂ ਵਿੱਚ ਸੰਗਤਾਂ ਨੂੰ ਸਿਰ ਝੁਕਾਉਂਦਿਆਂ ਛੱਡ ਜਾਂਦੇ ਹਨ।

ਸ਼ਹੀਦੇ ਆਜ਼ਮ ਲੋਕਾਂ ਨੂੰ ਆਸਤਿਕਤਾ ਦੇ ਹਨੇਰੇ ਵਿੱਚੋਂ ਕੱਢਣ ਲਈ ਲਲਕਾਰਦੇ ਹਨ :

✫ "ਮੈਂ ਪੁਛਦਾ ਹਾਂ ਕਿ ਤੁਹਾਡਾ ਸਰਬਸ਼ਕਤੀਮਾਨ ਈਸ਼ਵਰ ਹਰ ਵਿਅਕਤੀ ਨੂੰ ਕਿਉਂ ਉਸ ਸਮੇਂ ਨਹੀਂ ਰੋਕਦਾ ਜਦੋਂ ਉਹ ਕੋਈ ਅਪਰਾਧ ਕਰ ਰਿਹਾ ਹੁੰਦਾ ਹੈ ? ਇਹ ਤਾਂ ਬੜੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ।

✫ ਉਸਨੇ ਕਿਉਂ ਲੜਾਕੂ ਰਾਜਿਆਂ ਨੂੰ ਜਾਂ ਉਹਨਾ ਅੰਦਰ ਲੜਨ ਦੇ ਜਨੂੰਨ ਨੂੰ ਸਮਾਪਤ ਕਰਨ ਅਤੇ ਵਿਸ਼ਵ ਯੁੱਧ ਦੁਆਰਾ ਮਾਨਵਤਾ ਉੱਤੇ ਪੈਣ ਵਾਲੀਆਂ ਵਿਪਤਾਵਾਂ ਤੋਂ ਕਿਉਂ ਨਹੀਂ ਬਚਾਇਆ। (ਦੂਜਾ ਵਿਸ਼ਵ ਯੁੱਧ ਭਗਤ ਸਿੰਘ ਦੀ ਸ਼ਹਾਦਤ ਤੋਂ ਦਸ ਵਰ੍ਹੇ ਮਗਰੋਂ ਸ਼ੁਰੂ ਹੋਇਆ ਜੋ ਪਹਿਲੇ ਨਾਲੋਂ ਵੀ ਭਿਆਨਕ ਸੀ ਜਿਸ ਵਿੱਚ ਅਮਰੀਕਾ ਨੇ ਹੀਰੋਸ਼ੀਮਾ ਨਾਗਾਸਾਕੀ ਉੱਪਰ ਐਟਮ ਬੰਬ ਸੁੱਟ ਕੇ ਇੱਕ ਪਲ ਵਿੱਚ ਲੱਖਾਂ ਲੋਕਾਂ ਨੂੰ ਭਸਮ ਕਰ ਦਿੱਤਾ ਸੀ।)

✫ ਉਸਨੇ ਅੰਗਰੇਜ਼ਾਂ ਦੀ ਸਮਝ ਵਿੱਚ ਭਾਰਤ ਨੂੰ ਆਜ਼ਾਦ ਕਰਨ ਦੀ ਭਾਵਨਾ ਕਿਉਂ ਨਹੀਂ ਪੈਦਾ ਕੀਤੀ ?

✫ ਉਹ ਪੂੰਜੀਪਤੀਆਂ ਦੇ ਮਨ ਵਿੱਚ ਇਹ ਪਰਉਪਕਾਰ ਕਿਉਂ ਨਹੀਂ ਭਰ ਦਿੰਦਾ ਕਿ ਉਹ ਉਤਪਾਦਨ ਦੇ ਸਾਧਨਾਂ ਉੱਪਰ ਆਪਣਾ ਨਿੱਜੀ ਅਧਿਕਾਰ ਤਿਆਗ ਦੇਣ। ਇਸ ਪ੍ਰਚਾਰ ਨਾਲ ਨਾ ਕੇਵਲ ਸੰਪੂਰਨ ਕਿਰਤੀ ਸ਼੍ਰੇਣੀ ਹੀ ਸਗੋਂ ਸਮੁੱਚਾ ਮਨੁੱਖੀ ਸਮਾਜ ਹੀ ਪੂੰਜੀਵਾਦ ਦੀਆਂ ਬੇੜੀਆਂ ਤੋਂ ਆਜ਼ਾਦ ਹੋ ਜਾਵੇ ?

ਇੱਥੇ ਭਗਤ ਸਿੰਘ ਉਸ ਬਰਾਬਰੀ ਉੱਪਰ ਆਧਾਰਤ ਸਮਾਜਵਾਦੀ ਪ੍ਰਬੰਧ ਦੀ ਗੱਲ ਕਰਦੇ ਹਨ ਜਿਸ ਨੂੰ ਲੁਟੇਰੀਆਂ ਸੱਤਾ-ਸੰਪੰਨ ਸ਼੍ਰੇਣੀਆਂ ਇਸ ਲਈ ਰੱਦ ਕਰਦੀਆਂ ਹਨ ਕਿ ਉਹਨਾਂ ਕੋਲ ਰਾਜ-ਸੱਤਾ ਖੁੱਸ ਜਾਵੇਗੀ। ਇਸ ਨੂੰ ਰੱਦ ਕਰਨ ਲਈ ਉਹ ਬਹਾਨੇ ਬਣਾਉਂਦੇ ਹਨ। ਉਹ ਆਸਤਿਕਾਂ ਨੂੰ ਝੁਠਲਾਉਂਦੇ ਹੋਏ ਪੁੱਛਦੇ ਹਨ :

"ਤੁਸੀਂ ਸਮਾਜਵਾਦ ਦੇ ਅਮਲ ਵਿੱਚ ਲਿਆਉਣ ਉੱਤੇ ਤਰਕ ਕਰਨਾ ਚਾਹੁੰਦੇ ਹੋ, ਮੈਂ ਇਸ ਨੂੰ ਤੁਹਾਡੇ ਸਰਬਸ਼ਕਤੀਮਾਨ ਉੱਪਰ ਛੱਡਦਾ ਹਾਂ ਕਿ ਉਹ ਆਪ ਇਸ ਨੂੰ ਲਾਗੂ ਕਰ ਦੇਵੇ। ਜਿੱਥੋਂ ਤੱਕ ਆਮ ਭਲਾਈ ਦੀ ਗੱਲ ਹੈ ਲੋਕ ਸਮਾਜਵਾਦ ਦੇ ਗੁਣਾਂ ਨੂੰ ਮੰਨਦੇ ਹਨ। ਉਹ ਇਸ ਦੇ ਅਮਲਯੋਗ ਨਾ ਹੋਣ ਦਾ ਬਹਾਨਾ ਬਣਾ ਕੇ ਵਿਰੋਧ ਕਰਦੇ ਹਨ। ਪ੍ਰਮਾਤਮਾ ਨੂੰ ਇਧਰ ਆ ਕੇ ਹਰ ਚੀਜ਼ ਸਹੀ ਢੰਗ ਨਾਲ ਕਰਨ ਦੇਣੀ ਚਾਹੀਦੀ ਹੈ। ਤੁਸੀਂ ਐਵੇਂ ਏੜ-ਗੇੜ ਕਰਕੇ ਦਲੀਲਾਂ ਨਾ ਦੇਵੋ, ਇਹ ਵੇਲਾ ਵਿਹਾ ਚੁੱਕੀਆਂ ਹਨ।



"ਮੈਨੂੰ ਇਹ ਦੱਸਣ ਦੀ ਆਗਿਆ ਹੋਵੇ ਕਿ ਬਰਤਾਨਵੀ ਰਾਜ ਇਸ ਲਈ ਏਥੇ ਹੈ ਕਿ ਈਸ਼ਵਰ ਏਵੇਂ ਚਾਹੁੰਦਾ ਸੀ, ਸਗੋਂ ਇਸ ਲਈ ਹੈ ਕਿ ਉਹਨਾਂ ਦੇ ਕੋਲ ਤਾਕਤ ਹੈ ਅਤੇ ਸਾਡੇ ਵਿੱਚ ਇਸ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹਨਾਂ ਸਾਨੂੰ ਇਸ ਲਈ ਆਪਣੇ ਅਧਿਕਾਰ ਹੇਠ ਨਹੀਂ ਰੱਖਿਆ ਹੋਇਆ ਕਿ ਪ੍ਰਮਾਤਮਾ ਉਹਨਾਂ ਦੀ ਸਹਾਇਤਾ ਕਰਦਾ ਹੈ। ਸਗੋਂ ਇਸ ਲਈ ਕਿ ਉਹਨਾਂ ਕੋਲ ਬੰਦੂਕਾਂ, ਰਾਈਫਲਾਂ, ਬੰਬ, ਗੋਲੀਆਂ, ਪੁਲਸ ਅਤੇ ਫੌਜ ਹੈ। ਇਹ ਸਾਡੀ ਕਮਜ਼ੋਰੀ ਹੈ ਕਿ ਉਹ ਸਮਾਜ ਦੇ ਵਿਰੁੱਧ, ਸਭ ਤੋਂ ਨਿੰਦਣਯੋਗ ਅਪਰਾਧ, ਇੱਕ ਦੇਸ਼ ਦੀ ਦੂਜੇ ਦੇਸ਼ ਦੁਆਰਾ ਅਤਿਆਚਾਰੀ ਲੁੱਟ ਬੜੀ ਸਫਲਤਾ ਨਾਲ ਕਰ ਰਹੇ ਹਨ।

✫ ਕਿੱਥੇ ਹੈ ਈਸ਼ਵਰ ? ਉਹ ਕੀ ਕਰ ਰਿਹਾ ਹੈ ? ਕੀ ਉਹ ਮਨੁੱਖ ਜਾਤੀ ਦੇ ਇਨ੍ਹਾਂ ਕਸ਼ਟਾਂ ਦਾ ਸੁਆਦ ਲੈ ਰਿਹਾ ਹੈ ? ਇੱਕ ਨੀਰੂ, ਇੱਕ ਚੰਗੇਜ਼, ਮੁਰਦਾਬਾਦ।"

ਉਪਰੋਕਤ ਸਵਾਲ ਭਗਤ ਸਿੰਘ ਉਹਨਾਂ ਸਾਰਿਆਂ ਨੂੰ ਪੁੱਛਦੇ ਹਨ ਜਿਹੜੇ ਇਹ ਯਕੀਨ ਰੱਖਦੇ ਹਨ ਕਿ ਗਰੀਬੀ ਅਮੀਰੀ ਰੱਬੀ ਦੇਣ ਹੈ। ਇਸ ਲਈ ਧਰਮ ਪੁਸਤਕਾਂ ਦੇ ਹਵਾਲੇ ਦਿੱਤੇ ਜਾਂਦੇ ਹਨ। ਧਰਮ ਪੁਸਤਕਾਂ ਲਿਖਣ ਵਾਲਿਆਂ ਨੇ ਆਪਣੇ ਸਮੇਂ ਦੀ ਪ੍ਰਚੱਲਤ ਵਿਚਾਰਧਾਰਾ ਅਨੁਸਾਰ ਲਿਖਿਆ ਸੀ। ਉਹਨਾ ਵਿੱਚੋਂ ਕਈ ਹਾਕਮਾਂ ਦੇ ਅਤਿਆਚਾਰੀ ਰਾਜ ਨੂੰ ਨਿੰਦਣ ਦੀ ਹਿੰਮਤ ਵੀ ਕਰ ਸਕੇ ਹਨ। ਬਹੁਤੇ ਹਾਕਮਾਂ ਦੀ ਸੁਰ ਨਾਲ ਸੁਰ ਮਿਲਾ ਕੇ ਰਾਗ ਅਲਾਪਣ ਵਾਲੇ ਹੀ ਸਨ। ਸਮੁੱਚੇ ਤੌਰ ਤੇ ਧਾਰਮਿਕਤਾ ਦੇ ਘੇਰੇ ਵਿੱਚ ਆਉਣ ਵਾਲੇ ਸਾਰੇ ਧਾਰਮਿਕ ਸਾਹਿਤ ਅੰਤਮ ਤੌਰ ਉੱਪਰ ਹਕੂਮਤ ਦੀ ਵਿਚਾਰਧਾਰਾ ਦੀ ਹੀ ਪ੍ਰੋੜਤਾ ਕਰਦਾ ਹੈ।

ਇੱਥੇ ਭਗਤ ਸਿੰਘ ਈਸ਼ਵਰ ਨੂੰ ਇੱਕ ਅਜਿਹਾ ਸੰਕਲਪ ਸਾਬਤ ਕਰਦੇ ਹਨ ਜੋ ਆਪਣੀ ਇੱਛਾ ਨਾਲ ਨਾ ਚੰਗਾ ਨਾ ਮਾੜਾ ਕੁਝ ਵੀ ਨਹੀਂ ਕਰ ਸਕਦਾ। ਜੋ ਹੁੰਦਾ ਹੈ ਉਸਦਾ ਸਮਾਜਿਕ ਆਧਾਰ ਅਤੇ ਇਤਿਹਾਸਕ ਕਾਰਨ ਹੁੰਦੇ ਹਨ। ਜਿਹੜਾ ਸਿੱਟਾ ਪ੍ਰਾਪਤ ਹੁੰਦਾ ਹੈ ਉਹ ਧੀਮੀ ਤੋਂ ਪ੍ਰਚੰਡ ਜੱਦੋ ਜਹਿਦ ਦਾ ਹੀ ਨਿਚੋੜ ਹੁੰਦਾ ਹੈ। ਇਸ ਲਈ ਮਾਨਵ ਭਲਾਈ ਦੇ ਉੱਚਤਮ ਪੜਾ ਤੇ ਪੁੱਜਣ ਲਈ, ਜਿਹੜੀਆਂ ਪੈਦਾਵਾਰੀ ਸ਼ਕਤੀਆਂ ਅੜਿੱਕਾ ਬਣਦੀਆਂ ਹਨ ਉਹਨਾਂ ਉੱਪਰ ਕਾਬੂ ਪਾਉਣ ਤੇ ਉਹਨਾ ਦੀ ਸਮਰੱਥਾ ਨੂੰ ਅਸਮਰਥ ਕਰਨ ਪਿੱਛੋਂ ਹੀ ਸੋਚਿਆ ਜਾ ਸਕਦਾ ਹੈ। ਇਸ ਤਰ੍ਹਾਂ ਗਰੀਬੀ ਅਮੀਰੀ ਨੂੰ ਸਮਾਜੀ ਬਣਤਰ ਹੀ ਤਹਿ ਕਰਦੀ ਹੈ। ਈਸ਼ਵਰ ਦੀ ਹੋਂਦ ਇਸ ਤਰ੍ਹਾਂ ਅਲੋਪ ਹੋ ਜਾਂਦੀ ਹੈ। ਇਹ ਪਦਾਰਥਿਕ ਰੂਪ ਵਿੱਚੋਂ ਗੈਰ ਹਾਜ਼ਰ ਹੋ ਕੇ ਕੇਵਲ ਫਰਜ਼ੀ ਖਿਆਲ ਹੀ ਰਹਿ ਜਾਂਦਾ ਹੈ।

ਸਮਾਜਵਾਦ ਕੋਈ ਖਿਆਲੀ ਪ੍ਰਬੰਧ ਨਹੀਂ ਹੈ। ਇਹ ਸਾਡੀ ਧਰਤੀ ਉੱਪਰ ਸਾਕਾਰ ਹੋ ਕੇ ਆਪਣੀ ਧਾਂਕ ਜਮਾ ਚੁੱਕਾ ਹੈ। ਇਹ ਸਮਾਜਿਕ ਬਰਾਬਰੀ ਸਥਾਪਤ ਕਰਦਾ ਹੈ। ਹਰ ਇੱਕ ਨੂੰ ਰੋਜ਼ਗਾਰ, ਸਿਹਤ, ਸਿੱਖਿਆ, ਮਕਾਨ ਤੇ ਖੁਸ਼ਹਾਲ ਜੀਵਨ ਦੀ ਗੰਟੀ ਦਿੰਦਾ ਹੀ ਨਹੀਂ, ਅਮਲ ਵਿੱਚੋਂ ਲੋਕ ਉਹਨਾਂ ਸੁੱਖਾਂ ਨੂੰ ਮਾਣਦੇ ਵੀ ਹਨ। ਸਮਾਜੀ ਭੇਦਭਾਵ , ਵਿਤਕਰੇ, ਥੁੜਾਂ, ਸੰਕਟ, ਬੇਰੁਜ਼ਗਾਰੀ ਆਦਿ ਪੂੰਜੀਵਾਦੀ ਪ੍ਰਬੰਧ ਦੇ ਅਟੁੱਟ ਅੰਗ ਹਨ। ਸਮਾਜਵਾਦੀ ਪ੍ਰਬੰਧ, ਭਗਤ ਸਿੰਘ ਜਿਸ ਦੀ ਪ੍ਰਾਪਤੀ ਨੂੰ ਜਨਤਾ ਦੇ ਦੁੱਖਾਂ ਦਾ ਦਾਰੂ ਸਮਝਦੇ ਹਨ। ਈਸ਼ਵਰਵਾਦੀਆਂ ਨੂੰ ਵਿਅੰਗ ਨਾਲ ਕਹਿੰਦੇ ਹਨ ਕਿ ਜੇਕਰ ਇਹ ਪ੍ਰਬੰਧ ਅਮਲਯੋਗ ਨਹੀਂ ਹੈ ਤਾਂ ਤੁਹਾਡਾ ਰੱਬ ਜੀ, ਜੋ ਸਰਬਸ਼ਕਤੀਮਾਨ ਹੈ, ਆਪ ਇਸਨੂੰ ਅਮਲ ਯੋਗ ਬਣਾ ਦੇਵੇ।

ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਵਿੱਚੋਂ ਸਮਾਜਵਾਦ

ਨੂੰ ਕਿਉਂ ਢਾਅ ਲੱਗੀ ? ਉੱਤਰ ਸਪਸ਼ਟ ਹੈ ਕਿ ਉਹਨਾ ਸਮਾਜਵਾਦੀ ਅਸੂਲਾਂ ਦੀ ਉਲੰਘਣਾ ਕੀਤੀ। ਜਿਸਦਾ ਨਤੀਜਾ ਸਮਾਜਵਾਦ ਵਿਰੋਧੀ ਤੱਤਾਂ ਨੇ ਕੌਮਾਂਤਰੀ ਸਾਮਰਾਜ ਅਮਰੀਕਾ ਤੇ ਯੂਰਪੀ ਪੂੰਜੀਵਾਦੀ ਦੇਸ਼ਾਂ ਨਾਲ ਮਿਲ ਕੇ ਉਲਟ ਇਨਕਲਾਬ ਕਰ ਦਿੱਤਾ। ਜਨਤਾ ਨੂੰ ਅਜਿਹੀ ਸਥਿਤੀ ਲਈ ਤਿਆਰ ਕਰਨ ਦੀ ਥਾਂ, ਲੀਡਰਾਂ ਨੇ ਪੂੰਜੀਵਾਦੀ ਦੁਨੀਆਂ ਦੇ ਲੀਡਰਾਂ ਦੇ ਚੱਜ ਫੜ ਲਏ। ਜਿੱਥੇ ਲੋਕ ਅਤੇ ਲੀਡਰ, ਇਸ ਪੱਖੋਂ ਚੇਤੰਨ ਸਨ ਉੱਥੇ ਕਿਊਬਾ, ਚੀਨ, ਉੱਤਰੀ ਕੋਰੀਆ ਅਤੇ ਵੀਅਤਨਾਮ ਵਿੱਚ ਮੁਸ਼ਕਲਾਂ ਨਾਲ ਤੇ ਉਲਟ ਇਨਕਲਾਬੀ ਸਾਮਰਾਜ ਹੱਥ ਵਿਕੇ ਤੱਤਾਂ ਤੋਂ ਸਾਵਧਾਨ ਰਹਿ ਕੇ ਸਮਾਜਵਾਦੀ ਪ੍ਰਬੰਧ ਨੂੰ ਬਚਾ ਲਿਆ ਹੈ।

ਵੀਅਤਨਾਮੀ ਲੋਕਾਂ ਦਾ ਅਮਰੀਕੀ ਸਾਮਰਾਜ ਦੇ ਹਮਲੇ ਵਿਰੁੱਧ ਸੰਘਰਸ਼ ਭਗਤ ਸਿੰਘ ਦੀ ਸ਼ਹਾਦਤ ਤੋਂ ਪੰਦਰਾਂ ਸਾਲ ਪਿੱਛੋਂ ਸ਼ੁਰੂ ਹੋ ਕੇ, ਚਾਲੀ ਸਾਲ ਪਿੱਛੋਂ ਸਮਾਪਤ ਹੋਇਆ। ਵੀਅਤਨਾਮ ਦੇ ਤੀਹ ਲੱਖ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲਾ ਅਮਰੀਕਾ ਅੱਜ ਸੰਸਾਰ ਨੂੰ ਨੈਤਿਕਤਾ ਅਤੇ ਮਨੁੱਖੀ ਹੱਕਾਂ ਦਾ ਰਾਖਾ ਬਣ ਕੇ ਦਿਖਾ ਰਿਹਾ ਹੈ। ਹੁਣ ਇਹ ਭਾਰਤ ਦੀ ਹਿੰਦੂ ਫਿਰਕਾਪ੍ਰਸਤਾਂ ਦੀ ਕੇਂਦਰੀ ਸਰਕਾਰ ਨਾਲ ਘਿਉ ਖਿਚੜੀ ਹੋ ਗਿਆ ਹੈ। ਭਾਰਤ ਦੇ ਲੋਕਾਂ ਉੱਪਰ ਨਵੇਂ ਕਹਿਰ ਢਹਿਣ ਤੋਂ ਤਦ ਹੀ ਬਚਿਆ ਜਾ ਸਕਦਾ ਹੈ ਜੇਕਰ ਲੋਕ ਯਥਾਰਥ ਦੇ ਸਨਮੁਖ ਹੋ ਕੇ ਖਲੋਣਗੇ। ਦਿਨ ਰਾਤ ਦੇ ਸਪੀਕਰਾਂ ਤੇ ਧਾਰਮਿਕ ਪ੍ਰਚਾਰ, ਈਸ਼ਵਰ ਦੇ ਨਾਮ ਜਪਣ ਦੇ ਮੁੜ ਮੁੜ ਕੀਤੇ ਜਾ ਰਹੇ ਉਪਦੇਸ਼, ਲੋਕਾਂ ਦੀ ਸੰਕਟ ਨਾਲ ਟੱਕਰਨ ਦੀ ਸ਼ਕਤੀ ਨੂੰ ਨਕਾਰਾ ਕਰ ਰਹੇ ਹਨ। ਮੌਤ ਦਾ ਭੈ, ਪਿਛਲੇ ਜਨਮਾਂ ਦੇ ਪਾਪਾਂ ਦੇ ਫਲ, ਇਸ ਜਨਮ ਵਿੱਚ ਮਾਇਆ ਤੋਂ ਦੂਰ ਰਹਿ ਕੇ ਨਾਮ ਜਪਣ ਦੇ ਰੰਗਾ ਰੰਗ ਸਮਾਗਮ ਨਿਰੋਲ ਹਾਕਮ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਇਸ ਤਰ੍ਹਾਂ ਸਮਾਜਿਕ ਇਨਸਾਫ, ਬਰਾਬਰਤਾ, ਲੋਕ ਜਮਹੂਰੀਅਤ ਆਦਿ ਲਈ ਜੂਝਣ ਵਾਲੀਆਂ ਸੰਸਥਾਵਾਂ ਨੂੰ ਆਮ ਲੋਕਾਂ ਤੋਂ ਦੂਰ ਕਰਕੇ ਨਿਖੇੜਨਾ ਵੀ ਇਹ ਇੱਕ ਸਾਜ਼ਸ਼ ਹੈ ਕਿ ਸਮਾਂ ਆਉਣ ’ਤੇ ਲੋਕਾਂ ਨੂੰ ਨਿਸੱਲ ਕਰ ਦਿੱਤਾ ਜਾਵੇ।

## ਸੰਸਾਰ ਉਤਪਤੀ ਦਾ ਪ੍ਰਸ਼ਨ

ਅੱਗੇ ਭਗਤ ਸਿੰਘ ਸੰਸਾਰ ਉਤਪਤੀ ਦੇ ਪ੍ਰਸ਼ਨ ਦੀ ਚਰਚਾ ਕਰਦੇ ਹਨ ਕਿ ਇਸ ਪ੍ਰਿਥਵੀ ਉੱਤੇ ਸ੍ਰਿਸ਼ਟੀ ਦੀ ਉਤਪਤੀ ਕਿਵੇਂ ਹੋਈ। ਸੰਸਾਰ ਉਤਪਤੀ ਹਰ ਦਰਸ਼ਨ ਦਾ ਮੁੱਖ ਸਵਾਲ ਹੈ।

✫ “ਕੀ ਤੁਸੀਂ ਮੇਰੇ ਕੋਲੋਂ ਪੁਛਦੇ ਹੋ ਕਿ ਮੈਂ ਇਸ ਸੰਸਾਰ ਦੀ ਉਤਪਤੀ ਅਤੇ ਮੁੱਖ ਦੀ ਉਤਪਤੀ ਦੀ ਕਿਵੇਂ ਵਿਆਖਿਆ ਕਰਦਾ ਹਾਂ ?”

“ਠੀਕ ਹੈ ਮੈਂ ਤੁਹਾਨੂੰ ਦਸਦਾ ਹਾਂ। ਚਾਰਲਸ ਡਾਰਵਨ ਨੇ ਇਸ ਵਿਸ਼ੇ ਉੱਪਰ ਕੁਝ ਚਾਨਣ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਸਨੂੰ ਪੜ੍ਹੋ। ਸੋਹੰਮ ਸੁਆਮੀ ਦੀ, “ਸਹਿਜ ਗਿਆਨ” ਪੜ੍ਹੋ। ਇਹ ਤੁਹਾਡੇ ਸਵਾਲਾਂ ਦਾ ਕਿਸੇ ਹੱਦ ਤੱਕ ਉੱਤਰ ਦੇਣਗੀਆਂ। ਇਹ ਪ੍ਰਕਿਰਤੀ ਦਾ ਵਰਤਾਰਾ ਹੈ। ਵੱਖੋ ਵੱਖਰੇ ਪਦਾਰਥਾਂ ਦੇ ਅਚਾਨਕ ਇਕੱਠੇ ਹੋ ਜਾਣ ਦੇ ਨਾਲ ਧਰਤੀ ਬਣੀ। ਇਤਿਹਾਸ ਦਾ ਅਧਿਐਨ ਕਰੋ। ਏਸੇ ਪ੍ਰਕਿਰਿਆ ਨੇ ਜੀਵ ਜੰਤੂ ਪੈਦਾ ਕੀਤੇ। ਇੱਕ ਲੰਬੇ ਅਮਲ ਦੇ ਦੌਰ ਪਿੱਛੋਂ ਮਨੁੱਖ (ਜਾਤੀ) ਡਾਰਵਨ ਦੀ ਪੁਸਤਕ ‘ਜੀਵਾਂ ਦੀ ਉਤਪਤੀ’ ਪੜ੍ਹੋ। ਉਸ ਤੋਂ ਪਿੱਛੋਂ ਦਾ ਸਾਰਾ ਵਿਕਾਸ, ਮਨੁੱਖ ਦਾ ਪ੍ਰਕਿਰਤੀ ਦੇ ਨਾਲ ਲਗਾਤਾਰ



ਵਿਰੋਧ ਅਤੇ ਉਸ ਉੱਪਰ ਜਿੱਤ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ। ਇਹ ਇਸ ਵਰਤਾਰੇ ਦੀ ਸੰਖੇਪ ਤੋਂ ਸੰਖੇਪ ਸੰਭਵ ਵਿਆਖਿਆ ਹੈ। ”

ਇੱਥੋਂ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਦੀ ਨਾਸਤਿਕਤਾ ਜਿੱਦ ਜਾਂ ਹਿੰਡ ਨਹੀਂ ਸੀ ਉਹ ਨਿਰੋਲ ਵਿਗਿਆਨਕ ਸਮਝ ਉੱਪਰ ਆਧਾਰਤ ਸੀ। ਸੰਸਾਰ ਦੀ ਉਤਪਤੀ ਦੀ ਬੁਝਾਰਤ ਬੁਝਦਿਆਂ ਹੀ ਮੁਢਲਾ ਬੁੱਧੀ ਜੀਵੀ ਮਨੁੱਖ ਸਿਰਫ ਅਚੰਭਰ ਹੋ ਕੇ ਹੀ ਈਸ਼ਵਰ ਦੀ ਕਲਪਨਾ ਕਰਨ ਉੱਪਰ ਹੀ ਬੱਝ ਕੇ ਰਹਿ ਗਿਆ। ਧਰਮ ਗ੍ਰੰਥਾਂ ਵਿੱਚ ਸੰਸਾਰ ਉਤਪਤੀ ਬਾਰੇ ਮੁੱਢ ਕਦੀਮੀ ਅਨੁਮਾਨਾਂ ਨੂੰ ਹੀ ਠੀਕ ਅਤੇ ਵਿਸ਼ਵਾਸੀ ਮੰਨ ਕੇ ਬੈਠ ਜਾਣਾ, ਅਗਿਆਨਤਾ ਤੋਂ ਸਿਵਾ ਕੁੱਝ ਨਹੀਂ ਹੈ। ਇੱਕੀਵੀਂ ਸਦੀ ਦੀ ਦਹਿਲੀਜ਼ ਉੱਪਰ ਕਦਮ ਧਰ ਕੇ ਹਜ਼ਾਰਾਂ ਸਾਲ ਪਿੱਛੇ ਚਲੇ ਜਾਣਾ ਹਨ੍ਹੇਰੇ ਵਿੱਚ ਛਾਲ ਮਾਰ ਜਾਣ ਵਾਂਗ ਹੀ ਹੈ। ਮਨੁੱਖੀ ਸਮਝ ਦੇ ਅੱਜ ਤੱਕ ਦੇ ਪ੍ਰਾਪਤ ਕੁੱਲ ਗਿਆਨ ਦਾ ਸਿੱਟਾ ਹੈ ਕਿ ਮਨੁੱਖ ਤਪ, ਸਾਧਨਾ, ਨਾਮ, ਸਿਮਰਨ, ਯੋਗ ਆਸਵਾਂ,ਰਿਧੀਆਂ, ਸਿੱਧੀਆਂ ਦੇ ਚੱਕਰਾਂ ਚੋਂ ਨਿਕਲ ਕੇ ਪਦਾਰਥਿਕ ਸ੍ਰਿਸ਼ਟੀ ਨੂੰ ਸਮਝ ਕੇ ਅੱਜ ਪ੍ਰਾਪਤ ਸਾਰੀਆਂ ਕਰਾਮਾਤਾਂ ਵਰਗੀਆਂ ਟੀ. ਵੀ. ਟੈਲੀਫੂਨ, ਬੀ. ਸੀ. ਆਰ, ਕੰਪਿਊਟਰ, ਇੰਟਰਨੈੱਟ, ਫੈਕਸ, ਮੁਬਾਇਲ ਫੂਨ ਆਦਿ ਰੇਲਾਂ, ਕਾਰਾਂ, ਹਵਾਈ ਜਹਾਜ਼, ਰਾਕਟ, ਸੈਟਲਾਈਟ ਆਦਿ ਅਨੇਕਾਂ ਵਸਤਾਂ ਦਾ ਨਿਰਮਾਤਾ ਬਣ ਗਿਆ ਹੈ। ਇਸ ਵਿੱਚ ਕਿਸੇ ਪੂਜਾ, ਪਾਠ, ਨਾਮ, ਸਿਮਰਨ, ਅਰਦਾਸ, ਤੀਰਥ ਯਾਤਰਾ ਆਦਿ ਦਾ ਕੁੱਝ ਵੀ ਲੈਣ ਦੇਣ ਨਹੀਂ ਹੈ।

ਧਰਤ ਵਿਗਿਆਨ ਦਸਦਾ ਹੈ ਕਿ ਸਾਡੀ ਧਰਤੀ ਚਾਰ ਅਰਬ ਸਾਲ ਪਹਿਲਾਂ ਸੂਰਜ ਨਾਲੋਂ ਵੱਖ ਹੋਈ। ਹੋਰ ਗ੍ਰਹਿਆਂ ਵਾਂਗ ਸੂਰਜ ਦੁਆਲੇ ਘੁੰਮਣ ਲੱਗੀ। ਠੰਡੀ ਹੁੰਦੀ ਗਈ। ਜੁਆਲਾ ਮੁਖੀ ਫਟਨ ਦਾ ਸਿਲਸਿਲਾ ਕਰੋੜਾਂ ਸਾਲ ਜਾਰੀ ਰਿਹਾ। ਉਪਰਲਾ ਤਲ ਠੰਡਾ ਹੁੰਦਾ ਹੁੰਦਾ ਸਖਤ ਹੋ ਗਿਆ। ਪਹਾੜ ਬਣੇ, ਗੈਸਾਂ ਦਾ ਅਨੁਪਾਤ ਵਧਦਾ ਘਟਦਾ, ਤਰਲ ਠੋਸ ਤੇ ਮੁੜ ਗੈਸ ਆਦਿ ਬਣ ਬਣਕੇ ਵਿਖਰਦਾ ਸੜਦਾ ਗਿਆ। ਧੁੰਦ, ਬੱਦਲ, ਮੀਂਹ, ਪਾਣੀ, ਹੜ੍ਹਾਂ ਦਾ ਸਿਲਸਿਲਾ, ਹਨ੍ਹੇਰੀਆਂ ਤੂਫਾਨਾਂ ਦਾ ਦੌਰ ਕਰੋੜਾਂ ਸਾਲ ਚੱਲਿਆ। ਜੋ ਧਰਤੀ ਦੇ ਤਲ ਨੂੰ ਹੋਰ ਠੰਡਾ ਕਰਨ ਵਿਚ ਸਹਾਈ ਹੋਇਆ। ਨੀਵੇਂ ਥਾਵੀਂ ਪਾਣੀ ਖਲੋਣ ਨਾਲ ਝੀਲਾਂ ਸਮੁੰਦਰ ਬਣੇ। ਵਰਖਾ ਦੇ ਪਾਣੀ ਨੇ ਨਦੀਆਂ ਬਣਾਈਆਂ। ਦਿਨ-ਰਾਤ ਧਰਤੀ ਦੇ ਆਪਣੀ ਧੁਰੀ ਤੇ ਘੁੰਮਣ ਨਾਲ ਪਰ ਰੁੱਤਾਂ ਸੂਰਜ ਦੁਆਲੇ ਘੁੰਮਣ ਨਾਲ ਹੀ ਨਹੀਂ ਬਣ ਗਈਆਂ। ਇਹ ਬਰਫ਼ ਯੁੱਗ ਦੇ ਮੁੜ ਮੁੜ ਵਾਪਰਨ ਦੇ ਕਾਰਨ, ਉੱਤਰੀ ਧਰੁਵ ਤੋਂ ਭੂ-ਮੱਧ ਰੇਖਾ ਵੱਲ ਨੂੰ ਬਰਫ਼ ਦੇ ਪਏ ਅਨੰਤ ਭਾਰ ਦੇ ਕਾਰਨ ਧਰਤੀ ਦੇ ਟੇਢੇ ਹੋ ਜਾਣ ਨਾਲ ਰੁੱਤਾਂ ਬਣੀਆਂ। ਧਰਤੀ ਹੋਂਦ ਸਮੇਂ ਤੋਂ ਹੀ 652/3 ਦੀ ਡਿਗਰੀ ਉੱਪਰ ਟੇਢੀ ਨਹੀਂ ਸੀ। ਟੇਢੀ ਹੋਣ ਉਪਰੰਤ ਹੀ ਰੁੱਤਾਂ ਬਣੀਆਂ। ਜੇ ਇਹ ਟੇਢੀ ਨਾ ਹੁੰਦੀ ਤਾਂ ਹੋਰਨਾਂ ਗ੍ਰਹਿਆਂ ਵਾਂਗ ਇਸ ਨੇ ਵੀ ਸੁੰਨ ਮਸਾਨ ਹੋਣਾ ਸੀ। ਏਥੇ ਵੀ ਫਿਰ ਆਸਤਿਕਤਾ ਨੂੰ ਰੱਦ ਕਰਨ ਵਾਲੇ ਪਦਾਰਥਵਾਦੀ ਨਾਸਤਿਕ ਹੀ ਹੋਣੇ ਸਨ। ਪਰੰਤੂ ਪਦਾਰਥ ਇਥੇ ਫਿਰ ਵੀ ਹੋਣਾ ਹੀ ਸੀ, ਬਦਲਦੀਆਂ ਰੁੱਤਾਂ ਦੇ ਕਾਰਨ ਧਰਤੀ ਉੱਪਰ ਬਦਲਦੇ ਤਾਪਮਾਨ ਦੇ ਕਾਰਨ ਹੀ ਜੀਵਾਂ ਦੀ ਉਤਪਤੀ ਦੇ ਵਿਨਾਸ਼ ਦਾ ਸਿਲਸਿਲਾ ਚੱਲਿਆ ਆ ਰਿਹਾ ਹੈ। ਮਨੁੱਖ ਜਾਤੀ ਆਪਣੀ ਹੋਂਦ ਲਈ ਮੌਸਮਾਂ ਨਾਲ ਜੂਝਦੀ ਹੋਈ ਪ੍ਰਕਿਰਤੀ ਨੂੰ ਆਪਣੀਆਂ ਲੋੜਾਂ ਅਨੁਸਾਰ ਵਰਤਣ ਜਾਂ ਪ੍ਰਕਿਰਤੀ ਅਨੁਸਾਰ ਜੀਵਨ ਪ੍ਰਬੰਧ ਕਰਨ ਦੇ ਯੋਗ ਆਪਣੀ ਬੁੱਧੀ ਦੇ ਬਲ ਤੇ ਤਜ਼ਰਬੇ ਦੁਆਰਾ ਹੀ

ਹੋ ਸਕਿਆ ਹੈ। ਇਸ ਵਿਚ ਈਸ਼ਵਰ ਦਾ ਕੋਈ ਯੋਗਦਾਨ ਨਹੀਂ ਹੈ। ਲੱਕੜੀ, ਪੱਥਰ ਤੇ ਫਿਰ ਧਾਤਾਂ ਦੀ ਵਰਤੋਂ ਕਰਦਾ ਹੋਇਆ ਆਧੁਨਿਕ ਯੁੱਗ ਤੱਕ ਅੱਜ ਦੇ ਰੂਪ ਵਿਚ ਸਮਾਜਿਕ ਪ੍ਰਬੰਧ ਨੂੰ ਉਸਾਰਨ ਵਾਲਾ ਬਣਿਆ। ਮਨੁੱਖ ਇਸ ਪ੍ਰਬੰਧ ਉੱਪਰ ਕਾਬਜ਼ ਆਪਣੀ ਹੀ ਨਸਲ ਦੇ ਮਨੁੱਖਾਂ ਦਾ, ਜੋ ਮਨੁੱਖਾਂ ਦੇ ਰੂਪ ਵਿਚ ਲਾਲਚੀ, ਹਉਮੈਵਾਦੀ ਅਤਿਵਾਦੀ, ਜ਼ਾਬਰ ਆਦਿ ਔਗੁਣਾਂ ਦੇ ਧਾਰਨੀ ਬਣਕੇ ਸਭ ਕੁਝ ਨੂੰ ਨਿੱਜੀ ਕਬਜ਼ੇ ਦੀ ਦੌੜ ਵਿਚ ਲੱਗੇ ਹੋਏ ਹਨ। ਇਸ ਨਿੱਜੀ ਕਬਜ਼ੇ ਨੂੰ ਤੋੜ ਕੇ ਹਵਾ, ਪਾਣੀ, ਸੂਰਜ ਆਦਿ ਵਾਂਗ ਸਾਡੇ ਪਦਾਰਥਕ ਸਾਧਨ ਸਭ ਲਈ ਪ੍ਰਾਪਤ ਹੋਣ ਦਾ ਪ੍ਰਬੰਧ ਹੀ ਤਾਂ ਸਮਾਜਵਾਦ ਹੈ ਜਿਸ ਨੂੰ ਇਹ ਆਖ ਕੇ ਰੱਦ ਕੀਤਾ ਜਾ ਰਿਹਾ ਹੈ ਕਿ ਇਹ ਅਮਲ ਯੋਗ ਨਹੀਂ ਹੈ। ਜਿਸ ਦਾ ਅਰਥ ਹੈ ਕਿ ਹਾਕਮ ਸ਼੍ਰੇਣੀਆਂ ਆਪਣਾ ਕਬਜ਼ਾ ਤਿਆਗਣਾ ਨਹੀਂ ਚਾਹੁੰਦੀਆਂ, ਈਸ਼ਵਰ ਦੇ ਆਪੇ ਬਣੇ ਬੁਲਾਰੇ ਕਹਿ ਰਹੇ ਹਨ ਗਰੀਬੀ ਅਮੀਰੀ ਪ੍ਰਭੂ ਦੀ ਦੇਣ ਹੈ। ਹੈ ਨਾ ਚਿੱਟਾ ਕੋਰਾ ਝੂਠ।

## ਤਰਕ ਤੇ ਵਿਸ਼ਲੇਸ਼ਨ ਦੀ ਚੇਤਨਾ

ਸ. ਭਗਤ ਸਿੰਘ ਦਾ ਨਾਸਤਿਕਤਾ ਦਾ ਵਿਸ਼ਲੇਸ਼ਨ ਨਿਰੀ ਖ਼ਿਆਲੀ ਬਹਿਸ ਛੇੜਨਾ ਨਹੀਂ ਹੈ। ਨਾਸਤਿਕਤਾ ਦੀ ਸਮਝ ਕਾਫਰ ਬਣਨਾ ਨਹੀਂ ਹੈ। ਨਾਸਤਿਕਤਾ ਵਿਗਿਆਨਕ ਸੂਝ ਪ੍ਰਾਪਤ ਕਰਨਾ ਹੈ। ਅਜੋਕੇ ਸਮੇਂ ਵਿਗਿਆਨ ਦੇ ਪਾਸਾਰ ਨਾਲ ਬੇਸ਼ੱਕ, ਲੋਕਾਂ ਦੇ ਪਛੜੇਪਨ ਦੇ ਕਾਰਨ ਅੰਧਵਿਸ਼ਵਾਸਾਂ ਦਾ ਅੰਤ ਨਹੀਂ ਹੋਇਆ ਪਰੰਤੂ ਇਸ ਦੇ ਸਿਰਜੇ ਪਦਾਰਥਕ ਸੰਸਾਰ ਦੇ ਯਥਾਰਥ ਅੱਗੇ ਨਾਸਤਿਕ ਹੋਣਾ, ਅੱਧੀ ਸਦੀ ਪਹਿਲਾਂ ਵਾਲੇ ਦ੍ਰਿਸ਼ਟੀਕੋਣ ਨਾਲ ਦੇਖਿਆ ਸਮਝਿਆ ਨਹੀਂ ਜਾ ਸਕਦਾ।

ਹਰ ਸਮਾਜੀ ਅਤੇ ਰਾਜਸੀ ਮਸਲੇ ਦੀ ਚੀਰ ਫਾੜ ਕਰਕੇ ਉਸ ਦੇ ਕਾਰਨਾਂ ਨੂੰ ਸਮਝਣਾ, ਸਮਾਜਿਕ ਜਾਗ੍ਰਿਤੀ ਲਿਆਉਂਦਾ ਹੈ ਅਤੇ ਅਗਿਆਨਤਾ ਵਿਚੋਂ ਕੱਢਣ ਦਾ ਸਾਧਨ ਬਣਦਾ ਹੈ। ਇਸ ਤਰ੍ਹਾਂ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹਾਂ। ਕੋਈ ਮੁਸ਼ਕਲ ਨਹੀਂ ਹੈ, ਉਸ ਨੂੰ ਕਿਵੇਂ ਦੂਰ ਕਰਨਾ ਹੈ, ਉਸ ਨੂੰ ਸਮਝਣਾ ਤੇ ਵਿਉਂਤਬੰਦੀ ਕਰਨਾ ਹੀ 'ਰਜ਼ਾ' ਦੀ ਜਕੜ ਤੋਂ ਮੁਕਤ ਕਰਦਾ ਹੈ। ਆਸਤਿਕਤਾ ਇਥੋਂ ਭੱਜਦੀ ਹੈ। ਕਿਉਂ ਅਤੇ ਕਿਵੇਂ ਦਾ ਉੱਤਰ ਦੇਣਾ ਆਸਤਿਕਤਾ ਦੇ ਵੱਸ ਦਾ ਰੋਗ ਨਹੀਂ। ਜੇਕਰ ਕੋਈ ਆਸਤਿਕ ਹੁੰਦਾ ਹੋਇਆ ਵਿਗਿਆਨਕ ਦ੍ਰਿਸ਼ਟੀ ਅਨੁਸਾਰ ਸਮੱਸਿਆਵਾਂ ਦਾ ਵਿਸ਼ਲੇਸ਼ਨ ਕਰਦਾ ਹੈ। ਉਹ ਆਸਤਿਕਤਾ ਤੋਂ ਨਾਸਤਿਕਤਾ ਵੱਲ ਵਧਿਆ ਹੈ ਪਰੰਤੂ ਸੰਸਕਾਰਾਂ ਦੇ ਕਾਰਨ ਇਸ ਤੇ ਪੂਰਨ ਮੁਕਤ ਨਹੀਂ ਹੋ ਸਕਿਆ।

ਹਾਕਮ ਸ਼੍ਰੇਣੀਆਂ ਦੀਆਂ ਪੂੰਜੀਵਾਦੀ ਸਰਕਾਰਾਂ ਤੇ ਉਹਨਾਂ ਦੇ ਅਦਾਰੇ ਹਰ ਸੰਭਵ ਢੰਗ ਨਾਲ ਅਗਿਆਨਤਾ ਫੈਲਾਉਣ ਦੇ ਆਹਰ ਵਿਚ ਲੱਗੇ ਹੋਏ ਹਨ। ਉਹ ਵਿਗਿਆਨਕ ਜਾਗਰਤੀ ਦੀ ਲਹਿਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ ਕਿਉਂਕਿ ਇਸ ਨਾਲ ਉਹਨਾਂ ਦੀ ਰਾਜਸੱਤਾ ਦੇ ਪੈਰ ਹਿੱਲਦੇ ਹਨ।

ਅਸੀਂ ਆਪਣੇ ਸਮੇਂ ਵਿਚ ਆਸਤਿਕਤਾ ਨੂੰ ਧਰਮ ਨਿਰਪੱਖਤਾ ਦੇ ਕੋਨ ਤੋਂ ਲੈਂਦੇ ਹੋਏ ਧਾਰਮਿਕਤਾ ਦਾ ਵਿਰੋਧ ਨਹੀਂ ਕਰਦੇ ਸਗੋਂ ਧਾਰਮਿਕਤਾ ਦੇ ਪੜਦੇ ਵਿਚ ਫਿਰਕੂ ਜਨੂੰਨ, ਅਗਿਆਨਤਾ ਤੇ ਧਾਰਮਿਕਤਾ ਦੇ ਪਰਦੇ ਵਿਚ ਰਾਜਨੀਤਕਤਾ ਦਾ ਵਿਰੋਧ ਕਰਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਜਿਹੜੇ ਲੋਕ ਹਾਕਮ ਸ਼੍ਰੇਣੀਆਂ ਦੇ ਭਰਮ ਜਾਲ ਵਿਚ ਜਕੜੇ ਹੋਏ



ਹਨ ਉਹਨਾਂ ਦੇ ਵਿਸ਼ਵਾਸਾਂ ਨੂੰ ਧਿਆਨ ਵਿਚ ਰੱਖਦਿਆਂ, ਇਸ ਵਿਸ਼ਵਾਸ ਦੇ ਵਿਸ਼ੇ ਨੂੰ ਸੰਵੇਦਨਸ਼ੀਲ ਸਮਝਦਿਆਂ ਉਹਨਾਂ ਨੂੰ ਮਾਨਸਿਕ ਠੇਸ ਤੋਂ ਬਚਾਉਣਾ ਚਾਹੁੰਦੇ ਹਾਂ ਕਿਉਂਕਿ ਉਹਨਾਂ ਦੇ ਵਿਸ਼ਵਾਸਾਂ ਦਾ ਲਾਭ ਉਠਾ ਕੇ ਜਨੂੰਨੀ ਲੋਕ ਉਹਨਾਂ ਨੂੰ ਸਗੋਂ ਜਮਹੂਰੀ ਲਹਿਰ ਤੋਂ ਦੂਰ ਲਿਜਾਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਫਿਰ ਵੀ ਸ਼ਹੀਦ ਭਗਤ ਸਿੰਘ ਨੇ ਜਿਸ ਕਰੜੇ ਢੰਗ ਨਾਲ ਨਾਸਤਿਕਤਾ ਦੀ ਨਸ਼ਤਰ ਨਾਲ ਆਸਤਿਕਤਾ ਦੇ ਤੰਦੂਆ ਜਾਲ ਨੂੰ ਕੱਟਣ ਦਾ ਯਤਨ ਕੀਤਾ ਹੈ ਉਹ ਨਿਰਸੰਦੇਹ ਜ਼ਰੂਰੀ ਸੀ।

ਆਸਤਿਕਤਾ ਦੇ ਜਾਲ ਤੋਂ ਮੁਕਤ ਹੋ ਕੇ ਵਿਅਕਤੀ ਵਿਗਿਆਨਕ ਦ੍ਰਿਸ਼ਟੀ ਨੂੰ ਧਾਰਨ ਕਰਨ ਦੇ ਰਾਹ ਪੈਂਦਾ ਹੈ। ਉਸ ਨੂੰ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਸਾਡੀ ਧਰਤੀ ਸਮੇਤ ਸਾਡਾ ਸੂਰਜ ਮੰਡਲ ਅਤੇ ਸਮੁੱਚਾ ਬ੍ਰਹਿਮੰਡ ਕੇਵਲ ਪਦਾਰਥ ਹੀ ਹੈ। ਪਦਾਰਥ ਹੀ ਸਰਬ ਸ਼ਕਤੀਮਾਨ ਹੈ। ਪਦਾਰਥ ਦੇ ਅਨੰਤ ਬਦਲਵੇਂ ਰੂਪ ਹਨ। ਪਦਾਰਥ ਆਪਣੇ ਅੰਦਰ ਦੇ ਅਤੇ ਬਾਹਰਲੇ ਅਮਲ ਦੁਆਰਾ ਕੁਝ ਦਾ ਕੁਝ ਬਣ ਸਕਦਾ ਹੈ। ਉਹ ਉਪਜਦਾ, ਬਦਲਦਾ, ਵਿਕਸਦਾ ਅਤੇ ਵਿਨਸਦਾ ਰਹਿੰਦਾ ਹੈ। ਇਸ ਦਾ ਕਦੇ ਅੰਤ ਨਹੀਂ ਹੁੰਦਾ ਇਹ ਸਦੀਵੀ ਹੈ। ਇਹ ਅਨਾਦੀ ਹੈ। ਸਾਡੀ ਪ੍ਰਿਥਵੀ ਦੀ ਅਨਾਦੀ ਪਦਾਰਥ ਦਾ ਵਿਲੱਖਣ ਅੰਗ ਤੇ ਰੂਪ ਹੈ। ਸਾਰੇ ਜੀਵ ਜੰਤੂ, ਚੱਲ-ਅਚੱਲ ਪਦਾਰਥ, ਬਨਸਪਤੀ, ਪਹਾੜ, ਨਦੀਆਂ, ਜੰਗਲ, ਮਨੁੱਖ, ਅਗਨੀ, ਪਾਣੀ, ਪੌਣ ਆਦਿ ਸਭੇ ਪ੍ਰਕਿਰਤੀ ਦਾ ਅੰਗ ਹਨ ਤੇ ਪ੍ਰਕਿਰਤੀ ਨੂੰ ਸਾਕਾਰ ਕਰਦੇ ਹਨ। ਇਹ ਪਦਾਰਥ ਵਿਚੋਂ ਉਪਜ ਕੇ ਪਦਾਰਥ ਵਿਚ ਹੀ ਸਮਾ ਜਾਂਦੇ ਹਨ। ਸਾਡੇ ਮੁੱਢਲੇ ਲੋਕਾਇਤਾਂ ਦੇ ਅਖਾਣ ਕਿ 'ਮਿੱਟੀ ਵਿਚ ਮਿੱਟੀ' ਮਿਲ ਜਾਂਦੀ ਹੈ ਮੁੱਢਲੀ ਪਦਾਰਥਵਾਦੀ ਮਿੱਥ ਹੈ।

## ਅਪਾਹਜਪਨ ਤੇ ਵਿਗਿਆਨ

ਈਸ਼ਵਰ ਵਿਚ ਅੰਧਵਿਸ਼ਵਾਸ ਦੀ ਹੱਦ ਤੱਕ ਵਿਸ਼ਵਾਸ ਰੱਖਣ ਵਾਲੇ ਅਗਿਆਨੀ ਲੋਕਾਂ ਨੂੰ ਭਗਤ ਸਿੰਘ ਸਮਝਾਉਂਦੇ ਹੋਏ ਕਹਿੰਦੇ ਹਨ, "ਤੁਹਾਡਾ ਦੂਸਰਾ ਤਰਕ ਇਹ ਹੋ ਸਕਦਾ ਹੈ ਕਿ ਕਿਉਂਕਿ ਬੱਚਾ ਅੰਨ੍ਹਾ ਜਾਂ ਲੰਗੜਾ ਪੈਦਾ ਹੁੰਦਾ ਹੈ ਜੇਕਰ ਇਹ ਉਸ ਦੇ ਪੂਰਵ ਜਨਮ ਦੇ ਕਰਮਾਂ ਦਾ ਫਲ ਨਹੀਂ ਹੈ ਤਾਂ ਕੀ ਹੈ ? ਜੀਵ ਵਿਗਿਆਨੀਆਂ ਨੇ ਇਸ ਸਮੱਸਿਆ ਦੀ ਵਿਆਖਿਆ ਕਰਦਿਆਂ ਦੱਸਿਆ ਹੈ ਕਿ ਇਹ ਜੈਵਿਕ ਵਰਤਾਰਾ ਹੈ, ਉਹਨਾਂ ਅਨੁਸਾਰ ਇਸ ਦੀ ਸਾਰੀ ਜ਼ਿੰਮੇਵਾਰੀ ਮਾਪਿਆਂ ਦੇ ਮੋਢਿਆਂ ਤੇ ਆਉਂਦੀ ਹੈ ਕਿ ਉਹ ਆਪਣੇ ਕੰਮਾਂ ਪ੍ਰਤੀ ਚੇਤਨ ਨਹੀਂ ਹਨ ਜੋ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਨੂੰ ਅੰਗਹੀਨ ਬਣਾ ਦਿੰਦਾ ਹੈ।

ਭਗਤ ਸਿੰਘ ਦੇ ਸਮੇਂ ਜੀਵ ਵਿਗਿਆਨ ਹਾਲੇ ਮੁੱਢਲੇ ਪੜਾਵਾਂ ਤੇ ਸੀ ਫਿਰ ਵੀ ਉਸ ਸਮੇਂ ਜੀਵ ਵਿਗਿਆਨ ਦਾ ਮੁੱਢ ਬੱਝ ਗਿਆ ਸੀ। ਹਾਂ, ਭਾਰਤ ਵਰਗੇ ਦੇਸ਼ ਵਿਚ ਇਸ ਵਿਗਿਆਨ ਨਾਲ ਸੰਬੰਧਤ ਪੁਸਤਕਾਂ ਦੀ ਅਣਹੋਂਦ ਵਰਗੀ ਥੁੜ ਦੇ ਬਾਵਜੂਦ ਉਹਨਾਂ ਇਸ ਦਾ ਅਧਿਐਨ ਕੀਤਾ। ਬੱਚੇ ਦੇ ਅੰਗਹੀਨ ਪੈਦਾ ਹੋਣ ਦਾ ਕਾਰਨ ਮਾਂ ਦੀ ਪੌਸ਼ਟਿਕ ਖੁਰਾਕ ਦਾ ਨਾ ਹੋਣਾ, ਸ਼ਰਾਬ, ਤੰਬਾਕੂ ਜਾਂ ਸੰਭੋਗਿਕ ਹੁੰਦੇ ਹਨ। ਇਸ ਤੋਂ ਬਿਨਾ ਅਨਪੜ੍ਹਤਾ - ਅਗਿਆਨਤਾ ਅਤੇ ਸਿਹਤ ਸੰਭਾਲ ਸੰਬੰਧੀ ਸੁਤੰਤਰਤਾ ਦੇ ਪੰਜਾਹ ਸਾਲ ਲੰਘ ਜਾਣ ਪਿੱਛੋਂ ਵੀ ਇਸ ਦਾ ਪੂਰਾ ਇਲਾਜ ਜਾਂ ਪ੍ਰਬੰਧ ਨਹੀਂ ਕੀਤਾ ਜਾ ਸਕਿਆ। ਕਿਸੇ ਬੱਚੇ ਦਾ ਅੰਗਹੀਨ ਜਨਮਣਾ ਉਸ ਦੇ ਨਾ ਉਸ ਦੇ ਮਾਪਿਆਂ ਦੇ ਹੀ ਪਹਿਲੇ ਜਨਮਾਂ ਦਾ ਫਲ ਹੈ। ਕਿਉਂਕਿ ਹਰ

ਜੀਵ ਜੰਤੂ, ਮਨੁੱਖ, ਪਸ਼ੂ ਆਦਿ ਦਾ ਕੇਵਲ ਇੱਕੋ ਹੀ ਜਨਮ ਹੁੰਦਾ ਹੈ। ਕੋਈ ਚੌਰਾਸੀ ਲੱਖ ਜੂਨਾਂ ਨੂੰ ਨਹੀਂ ਭੋਗਦਾ। ਸੰਸਾਰ ਵਿਚ ਚੌਰਾਸੀ ਲੱਖ ਕਿਸਮ ਦੇ ਹੀ ਜੀਵ ਜੰਤੂ ਨਹੀਂ ਹੁੰਦੇ। ਸਗੋਂ ਇਸ ਵੇਲੇ ਵੀ ਉਹਨਾਂ ਦੀ ਗਿਣਤੀ ਇੱਕ ਕਰੋੜ ਤੋਂ ਉੱਤੇ ਹੈ। ਐਮਾਜ਼ੋਨ ਦੇ ਜੰਗਲਾਂ ਅਤੇ ਇੰਡੋਨੇਸ਼ੀਆ ਵਿਚ ਅਮਰੀਕਨ ਐਗਰੋ ਕੰਪਨੀਆਂ ਵੱਲੋਂ ਜੰਗਲਾਂ ਦਾ ਸਫ਼ਾਇਆ ਹਰ ਰੋਜ਼ ਸੈਂਕੜੇ ਕਿਸਮਾਂ ਦੇ ਜੀਵ ਜੰਤੂਆਂ ਨੂੰ ਹਮੇਸ਼ਾ ਹਮੇਸ਼ਾ ਲਈ ਸਾਡੀ ਧਰਤੀ ਤੋਂ ਖ਼ਤਮ ਕਰ ਰਿਹਾ ਹੈ। ਆਵਾਗਵਨ ਵੱਖਰੀ ਬਹਿਸ ਹੈ। ਇਸ ਵੱਲ ਨਾ ਜਾਂਦੇ ਹੋਏ ਇਹੋ ਹੀ ਸੁਝਾ ਹੈ ਕਿ ਜੀਵ ਵਿਗਿਆਨ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਵੈਸੇ ਉਤਪਤੀ ਅਤੇ ਜੀਵ ਵਿਗਿਆਨ ਬਾਰੇ ਸੋਵੀਅਤ ਯੂਨੀਅਨ ਵਿਚ ਛਪੀ ਪੁਸਤਕ **'ਮਨੁੱਖ ਮਹਾਂਬਲੀ ਕਿਵੇਂ ਬਣਿਆ'** ਬਹੁਤ ਹੀ ਜਾਣਕਾਰੀ ਭਰਪੂਰ ਤੇ ਦਿਲਚਸਪ ਹੈ।

ਭਗਤ ਸਿੰਘ ਆਸਤਿਕ ਲੋਕਾਂ ਨਾਲ ਸੰਵਾਦ ਰਚਾਉਣ ਲਈ ਕਹਿੰਦੇ ਹਨ, "ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ। ਭਾਵੇਂ ਇਸ ਦਾ ਸਾਰ ਤੱਤ ਬਚਕਾਨਾ ਹੈ। ਜੇਕਰ ਈਸ਼ਵਰ ਦੀ ਹੋਂਦ ਨਹੀਂ ਹੈ ਤਾਂ ਲੋਕ ਕਿਉਂ ਉਸ ਉੱਪਰ ਯਕੀਨ ਕਰਨ ਲੱਗੇ ? ਮੇਰਾ ਸਪਸ਼ਟ ਤੇ ਸੰਖੇਪ ਉੱਤਰ ਹੈ ਕਿ ਜਿਸ ਪ੍ਰਕਾਰ ਉਹ ਭੂਤਾਂ, ਪ੍ਰੇਤਾਂ ਅਤੇ ਦੁਸ਼ਟ ਆਤਮਾਵਾਂ ਵਿਚ ਯਕੀਨ ਕਰਨ ਲੱਗ ਗਏ ਹਨ। ਇਸ ਵਿਚ ਫਰਕ ਸਿਰਫ਼ ਇਹ ਹੈ ਕਿ ਈਸ਼ਵਰ ਵਿਚ ਵਿਸ਼ਵਾਸ ਸੰਸਾਰ ਵਿਆਪੀ ਹੈ ਅਤੇ ਇਸ ਬਾਰੇ ਦਰਸ਼ਨ ਵਿਕਸਤ ਹੋ ਚੁੱਕਿਆ ਹੈ। ਕੁਝ ਮੌਲਿਕ ਵਿਚਾਰਵਾਨਾਂ ਦੇ ਉਲਟ ਮੈਂ ਇਸ (ਈਸ਼ਵਰ) ਦੀ ਉਤਪਤੀ ਦਾ ਸਿਹਰਾ ਉਹਨਾਂ ਸ਼ੋਸ਼ਕਾਂ ਦੀ ਪ੍ਰਤਿਭਾ ਨੂੰ ਦਿੰਦਾ ਹਾਂ ਜੋ ਪਰਮਾਤਮਾ ਦੀ ਹੋਂਦ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਆਪਣੇ ਅਧੀਨ ਰੱਖਣਾ ਚਾਹੁੰਦੇ ਸਨ ਅਤੇ ਉਹਨਾਂ ਤੋਂ ਆਪਣੀ ਵਿਸ਼ਿਸ਼ਟ ਸਥਿਤੀ ਦਾ ਅਧਿਕਾਰ ਅਤੇ ਪ੍ਰੌੜਤਾ ਚਾਹੁੰਦੇ ਸੀ। ਫਿਰ ਵੀ ਮੁੱਖ ਨੁਕਤੇ ਅਜਿਹੀਆਂ ਹੋਰ ਸੰਸਥਾਵਾਂ ਅੰਤ ਵਿਚ ਨਿਰਦਈ ਅਤੇ ਲੁਟੇਰੇ ਵਿਅਕਤੀਆਂ, ਸੰਸਥਾਵਾਂ ਅਤੇ ਵਰਗਾਂ ਦੀਆਂ ਸਮਰਥਕ ਬਣ ਜਾਂਦੀਆਂ ਹਨ। ਰਾਜੇ ਵਿਰੁੱਧ ਵਿਦਰੋਹ ਹਮੇਸ਼ਾ ਹੀ ਹਰ ਧਰਮ ਵਿਚ ਪਾਪ ਮੰਨਿਆ ਜਾਂਦਾ ਹੈ।"

ਇਥੇ ਉਹ ਕਿਹੜਾ ਮਹੱਤਵਪੂਰਨ ਸਵਾਲ ਉਠਾਉਂਦੇ ਹਨ ਉਹ ਇਹ ਹੈ ਕਿ **ਈਸ਼ਵਰ ਦੀ ਉਤਪਤੀ ਦਾ ਮੁੱਖ ਕਾਰਨ ਕੀ ਸੀ ?** ਇਸ ਦੀ ਉਤਪਤੀ ਤੋਂ ਪਿੱਛੋਂ, ਇਸ ਦੀ ਸੰਸਥਾਈ ਸਥਾਪਨਾ ਦਾ ਲਾਭ ਕਿਸ ਨੇ ਉਠਾਇਆ ਹੈ ? ਰੱਬ ਦਾ ਸੰਕਲਪ ਕਿਉਂ ਪੈਦਾ ਹੋਇਆ, ਬਾਰੇ ਸਪਸ਼ਟ ਕਰਦੇ ਹੋਏ, ਉਹ ਕਹਿੰਦੇ ਹਨ।

"ਰੱਬ ਦੀ ਉਤਪਤੀ ਬਾਰੇ ਮੇਰਾ ਵਿਚਾਰ ਇਹ ਹੈ ਕਿ ਮਨੁੱਖ ਸਮਝ ਲੈਣ ਪਿੱਛੋਂ, ਮਨੁੱਖ ਦਾ ਸਾਰੀਆਂ ਦਰਪੇਸ਼ ਹਾਲਤਾਂ ਦਾ ਦਲੇਰੀ ਨਾਲ ਮੁਕਾਬਲਾ ਕਰਨ ਲਈ, ਸਾਰੇ ਖ਼ਤਰਿਆਂ ਨੂੰ ਬਹਾਦਰਾਂ ਵਾਂਗ ਟੱਕਰਨ ਲਈ ਸਮੁੱਚਤਾ ਵਿਚ ਅਤੇ ਸਹਿਜ ਨਾਲ ਦੇਖ ਭਾਲ ਕਰਕੇ ਅਤੇ ਕਿਸੇ ਸੰਭਵ ਵਿਸਫੋਟ ਨੂੰ ਬੰਧੇਝ ਵਿਚ ਰੱਖਣ ਲਈ, ਰੱਬ ਦੀ ਕਾਲਪਨਿਕ ਹੋਂਦ ਦੀ ਰਚਨਾ ਕੀਤੀ ਗਈ। ਈਸ਼ਵਰ ਨੂੰ ਆਪਣੇ ਨਿੱਜੀ ਨਿਯਮਾਂ ਅਤੇ ਪਿਤਰੀ ਉਦਾਰਤਾ ਦੇ ਰੂਪ ਵਿਚ ਕਲਪਿਆ ਅਤੇ ਵਿਸਤਰਤ ਵਿਆਖਿਆਵਾਂ ਨਾਲ ਚਿਤਰਿਆ ਗਿਆ ਹੈ। ਜਦੋਂ ਉਸ ਦੀ ਉਦਾਰਤਾ ਅਤੇ ਨਿੱਜੀ ਨਿਯਮਾਂ ਦੀ ਚਰਚਾ ਹੁੰਦੀ ਹੈ ਤਾਂ ਉਸ ਦੀ ਵਰਤੋਂ ਇਕ ਡਰਾਉਣੇ ਰੂਪ ਵਿਚ ਕੀਤੀ ਜਾਂਦੀ ਹੈ ਤਾਂ ਜੋ ਮਨੁੱਖ ਆਪਣੇ ਸਮਾਜ ਲਈ ਖ਼ਤਰਾ ਨਾ



ਬਣ ਜਾਵੇ। ਜਦੋਂ ਉਸ ਦੇ ਪਿਤਰੀ ਗੁਣਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਤਾਂ ਉਸ ਦੀ ਵਰਤੋਂ ਮਾਤਾ, ਪਿਤਾ, ਭਾਈ, ਭੈਣ, ਦੋਸਤ ਅਤੇ ਸਹਾਇਕ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਸ ਤਰ੍ਹਾਂ ਜਦੋਂ ਮਨੁੱਖ ਕਿਸੇ ਵੱਡੇ ਸੰਕਟ ਵਿਚ ਹੁੰਦਾ, ਉਸ ਦੇ ਸਾਰੇ ਦੋਸਤਾਂ ਨੇ ਵਿਸ਼ਵਾਸ਼ਘਾਤ ਕੀਤਾ ਹੁੰਦਾ ਤੇ ਤਿਆਗਿਆ ਹੁੰਦਾ ਸੀ, ਉਸ ਵੇਲੇ ਉਸ ਨੂੰ ਇਸ ਵਿਚਾਰ ਨਾਲ ਭਰੋਸਾ ਪ੍ਰਾਪਤ ਹੁੰਦਾ ਸੀ ਕਿ ਸੱਚਾ ਦੋਸਤ ਹਾਲੇ ਵੀ ਉਸ ਦੀ ਸਹਾਇਤਾ ਕਰਨ ਵਾਲਾ, ਉਸ ਨੂੰ ਸਹਾਰਾ ਦੇਣ ਵਾਲਾ ਹੈ ਅਤੇ ਉਹ ਸਰਬ ਸ਼ਕਤੀਮਾਨ ਅਤੇ ਕੁਝ ਵੀ ਕਰਨ ਦੇ ਸਮਰਥ ਹੈ। ਇਹ ਸੱਚਾਈ ਹੈ ਕਿ ਮੁੱਢ ਕਦੀਮੀ ਸਮੇਂ ਵਿਚ ਇਹ (ਵਿਚਾਰ) ਸਮਾਜ ਲਈ ਲਾਹੇਬੰਦਾ ਸੀ। ਸੰਕਟ ਵਿਚ ਫਸੇ ਮਨੁੱਖ ਲਈ ਈਸ਼ਵਰ ਸਹਾਇਕ ਸੀ।"

ਏਥੇ ਗਹੁ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਦੋਂ ਇਨਸਾਨ ਮੁਸ਼ਕਲਾ ਨੂੰ ਦੇਖ ਕੇ ਜਾਂ ਉਹਨਾਂ ਵਿਚ ਫਸ ਕੇ ਅਰਦਾਸਾਂ ਕਰਦਾ ਹੈ ਉਸ ਦੇ ਆਤਮ ਵਿਸ਼ਵਾਸ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜਦੋਂ ਉਹ ਬਲ ਧਾਰ ਕੇ ਮੁਸੀਬਤ ਦੀ ਸਥਿਤੀ ਵਿਚੋਂ ਨਿਕਲਣ ਲਈ ਯਤਨਸ਼ੀਲ ਹੋ ਜਾਂਦਾ ਹੈ ਤਾਂ ਇਹ ਆਤਮ ਵਿਸ਼ਵਾਸ ਦੀ ਸ਼ਕਤੀ ਨੂੰ ਮਜ਼ਬੂਤ ਕਰਦਾ ਹੈ। ਏਸੇ ਲਈ ਮੁਸ਼ਕਲਾਂ ਦੀ ਸਮਝ, ਸਥਿਤੀ ਨੂੰ ਸਮਝ ਕੇ ਹੀ ਆਉਂਦੀ ਹੈ। ਜਦੋਂ ਸਮਝ ਆ ਜਾਂਦੀ ਹੈ ਤਾਂ ਇਲਾਜ ਵੀ ਸੋਚਿਆ ਜਾ ਸਕਦਾ ਹੈ। ਜਦੋਂ ਸਮਝ ਕੇ ਇਲਾਜ ਲਈ ਯਤਨ ਕੀਤਾ ਜਾਂਦਾ ਹੈ ਤਾਂ ਵਿਸ਼ਵਾਸਾਂ-ਅੰਧਵਿਸ਼ਵਾਸਾਂ ਦੀ ਲੋੜ ਨਹੀਂ ਰਹਿੰਦੀ। ਉਹਨਾਂ ਨੂੰ ਸ: ਭਗਤ ਸਿੰਘ ਦੇ ਸ਼ਬਦਾਂ ਵਿਚ "ਪਰੇ ਵਗਾਹ ਮਾਰਨਾ ਚਾਹੀਦਾ ਹੈ।" ਨਿੱਜੀ ਕਸ਼ਟਾਂ ਨੂੰ ਬੰਦਾ ਨਿੱਜੀ ਤੌਰ 'ਤੇ, ਪਰਵਾਰਕ ਮੁਸ਼ਕਲਾਂ ਨੂੰ ਪਰਵਾਰਕ ਤੌਰ ਤੇ ਵਿਚਾਰ ਕੇ, ਸਮਾਜੀ, ਰਾਜਨੀਤਿਕ ਅਤੇ ਆਰਥਿਕ ਮੁਸ਼ਕਲਾਂ ਦਾ ਹੱਲ ਜਥੇਬੰਦਕ ਢੰਗਾਂ ਨਾਲ, ਰਾਜਸੀ ਸੰਘਰਸ਼ਾਂ ਦੁਆਰਾ ਹੀ ਕੀਤਾ ਜਾ ਸਕਦਾ ਹੈ।

ਜਦੋਂ ਸੰਤ ਰਣਧੀਰ ਸਿੰਘ ਨੇ, ਉਹਨਾਂ ਨੂੰ ਘਮੰਡੀ ਕਿਹਾ ਤਾਂ ਉਹਨਾਂ ਕਿਹਾ, "ਇਹ ਮੇਰਾ ਘਮੰਡ ਨਹੀਂ, ਮੇਰੇ ਦੋਸਤੋ, ਇਹ ਮੇਰਾ ਸੋਚਣ ਢੰਗ ਹੈ।" ਫਾਂਸੀ ਦੀ ਸਥਿਤੀ ਦਾ ਸਾਹਮਣਾ ਤਾਂ ਹੌਂਸਲੇ ਤੇ ਆਤਮ ਬਲ ਨਾਲ ਹੀ ਕਰਨਾ ਬਣਦਾ ਸੀ। ਇਥੇ ਅਰਦਾਸ, ਪਾਠ ਜਾਂ ਈਸ਼ਵਰ ਵਿਚ ਵਿਸ਼ਵਾਸ ਕੋਈ ਸਹਾਇਤਾ ਨਹੀਂ ਕਰ ਸਕਦਾ ਸੀ। ਜੋ ਪਹਿਲਾਂ ਹੀ ਕਮਜ਼ੋਰ ਮਾਨਸਿਕਤਾ ਵਾਲੇ ਹੁੰਦੇ ਹਨ, ਉਹਨਾਂ ਦੇ ਅਰਦਾਸ ਕਰਨ ਨਾਲ ਫਾਂਸੀ ਦੀ ਸਜ਼ਾ ਤਾਂ ਮੁਆਫ਼ ਨਹੀਂ ਹੋਈ ਹੁੰਦੀ ਪਰੰਤੂ ਉਹਨਾਂ ਦੇ ਮਨ ਨੂੰ ਸਹਾਰਾ ਜਿਹਾ ਜ਼ਰੂਰ ਹੋ ਜਾਂਦਾ ਹੈ ਕਿਉਂਕਿ ਉਹਨਾਂ ਦੀ ਸਮਝ ਹੀ ਈਸ਼ਵਰੀ ਵਿਸ਼ਵਾਸ ਦੇ ਸਹਾਰੇ ਹੀ ਖੜ੍ਹੀ ਹੁੰਦੀ ਹੈ। ਇਸ ਸਹਾਰੇ ਦੇ ਡਿੱਗਣ ਨਾਲ ਹੀ ਉਹ ਧੜੰਮ ਡਿੱਗ ਪੈਂਦੇ ਹਨ। ਫਾਂਸੀ ਦੇ ਤਖ਼ਤੇ ਨੂੰ ਦੇਖ ਕੇ ਮੱਥੇ ਰਗੜਨੇ ਜਾਂ ਅਰਦਾਸਾਂ ਕਰਨੀਆਂ, ਉਹ ਬੁਜ਼ਦਿਲੀ ਸਮਝਦੇ ਹਨ।

ਸ: ਭਗਤ ਸਿੰਘ ਆਪਣੇ ਅਧਿਐਨ ਕਾਰਨ ਬਣੀ ਸੂਝ ਦੇ ਆਧਾਰ ਉੱਪਰ ਈਸ਼ਵਰ ਦੀ ਹੋਂਦ ਦੇ ਇਤਿਹਾਸਕ ਪਿਛੋਕੜ ਨੂੰ ਜਾਣਦੇ ਸਨ। ਉਹਨਾਂ ਲਈ ਇਹ ਸੰਭਵ ਨਹੀਂ ਸੀ ਕਿ ਉਹ ਸੰਤ ਰਣਧੀਰ ਸਿੰਘ ਦੇ ਵਿਸ਼ਵਾਸ ਦੇ ਪਿੱਛੇ ਲੱਗ ਕੇ ਇਸ ਵਿਗਿਆਨਕ ਸਮਝ ਨੂੰ ਤਿਆਗ ਦਿੰਦੇ ਅਤੇ ਹੱਥ ਬੰਨ੍ਹ ਕੇ ਅਰਦਾਸ ਕਰਨ ਲੱਗ ਜਾਂਦੇ। ਆਪਣੇ ਉੱਪਰ ਲੱਗੀ ਘਮੰਡੀ ਹੋਣ ਦੀ ਤੁਹਮਤ ਵਰਗੇ ਦੋਸ਼ ਨੂੰ ਆਧਾਰਹੀਨ ਸਾਬਿਤ ਕਰਨ ਲਈ ਹੀ ਉਹਨਾਂ ਨੂੰ **"ਮੈਂ ਨਾਸਤਿਕ ਕਿਉਂ ਹਾਂ"** ਲਿਖਣਾ ਪਿਆ। ਹਿੰਦੀ ਐਡੀਸ਼ਨ ਦੀ ਭੂਮਿਕਾ ਵਿਚ ਸ਼ਹੀਦ ਦੇ ਸਾਥੀ ਮਰਹੂਮ ਸ਼ਿਵ ਵਰਮਾ ਨੇ ਲਿਖਿਆ ਹੈ, "ਇਹ ਸੰਤ ਜੀ ਦਾ ਪਰਉਪਕਾਰ

ਹੀ ਸੀ ਕਿ ਅਸੀਂ ਭਗਤ ਸਿੰਘ ਦੀ ਇਸ ਲਿਖਤ ਨੂੰ ਪ੍ਰਾਪਤ ਕਰ ਸਕੇ ਹਾਂ।"

ਸ: ਭਗਤ ਸਿੰਘ ਈਸ਼ਵਰ ਵਿਚ ਵਿਸ਼ਵਾਸ ਸੰਬੰਧੀ ਲਿਖਦੇ ਹਨ, "ਮੈਂ ਨਹੀਂ ਜਾਣਦਾ ਕਿ ਈਸ਼ਵਰ ਵਿਚ ਵਿਸ਼ਵਾਸ ਅਤੇ ਰੋਜ਼ਾਨਾ ਦੀਆਂ ਅਰਦਾਸਾਂ, ਜਿਨ੍ਹਾਂ ਨੂੰ ਮੈਂ ਮਨੁੱਖ ਦੁਆਰਾ ਕੀਤਾ ਜਾਣ ਵਾਲਾ ਸਭ ਤੋਂ ਸੁਆਰਥੀ ਅਤੇ ਘਟੀਆ ਕੰਮ ਮੰਨਦਾ ਹਾਂ, ਮੇਰੇ ਲਈ ਸਹਾਇਕ ਸਿੱਧ ਹੋਣਗੀਆਂ ਵੀ ਜਾਂ ਮੇਰੇ ਕੇਸ ਨੂੰ ਹੋਰ ਚੌਪਟ ਕਰ ਦੇਣਗੀਆਂ। ਮੈਂ ਉਹਨਾਂ ਨਾਸਤਿਕਾਂ ਬਾਰੇ ਪੜ੍ਹਿਆ ਹੈ ਜਿਨ੍ਹਾਂ ਬਹਾਦਰੀ ਨਾਲ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕੀਤਾ, ਇਸ ਲਈ ਮੈਂ ਇਹਨਾਂ ਮਨੁੱਖਾਂ ਵਾਂਗ ਫਾਂਸੀ ਦੇ ਫੰਦੇ ਦੀ ਅੰਤਮ ਘੜੀ ਤੱਕ ਸਿਰ ਉੱਚਾ ਕਰਕੇ ਖੜ੍ਹਾ ਰਹਿਣਾ ਚਾਹੁੰਦਾ ਹਾਂ।

"ਅਸੀਂ ਦੇਖਣਾ ਹੈ ਕਿ ਮੈਂ, ਇਹ ਕਿਵੇਂ ਨਿਭਾ ਸਕਾਂਗਾ। ਮੇਰੇ ਇਕ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ। ਮੈਂ ਜਦੋਂ ਉਸ ਨੂੰ ਆਪਣੇ ਨਾਸਤਿਕ ਹੋਣ ਬਾਰੇ ਦੱਸਿਆ, ਉਸ ਨੇ ਕਿਹਾ, 'ਆਪਣੇ ਅੰਤਮ ਦਿਨਾਂ ਵਿਚ ਤੂੰ ਵਿਸ਼ਵਾਸ ਕਰਨ ਲੱਗ ਜਾਵੇਂਗਾ।" ਮੈਂ ਕਿਹਾ, ਨਹੀਂ ਸਤਿਕਾਰਯੋਗ ਪਿਆਰੇ ਅਜਿਹਾ ਨਹੀਂ ਹੋਵੇਗਾ। ਮੈਂ ਇਸ ਨੂੰ ਆਪਣੇ ਲਈ ਅਪਮਾਨਜਨਕ ਅਤੇ ਨਿਘਾਰ ਵਾਲੀ ਗੱਲ ਸਮਝਾਂਗਾ। ਮੈਂ ਸਵਾਰਥੀ ਮੰਤਵ ਲਈ ਅਰਦਾਸ ਨਹੀਂ ਕਰਾਂਗਾ। ਪਾਠਕੋ ਅਤੇ ਦੋਸਤੋ! ਕੀ ਇਹ ਘਮੰਡ ਹੈ ? ਜੇਕਰ ਇਹ ਘਮੰਡ ਹੈ ਤਾਂ ਮੈਂ ਇਸ ਨੂੰ ਪ੍ਰਵਾਨ ਕਰਦਾ ਹਾਂ।"

ਅੰਤਲੀ ਸਤਰ ਵਿਚ ਉਹਨਾਂ – ਸਾਨੂੰ ਪਾਠਕਾਂ ਨੂੰ ਉਚੇਚੇ ਤੌਰ ਤੇ ਪੁੱਛਿਆ ਹੈ ਕਿ ਕੀ ਨਾਸਤਕ ਹੋਣ ਦੀ ਸਮਝ ਕਿਸੇ ਘਮੰਡ ਦਾ ਕਾਰਨ ਸਿੱਧ ਹੁੰਦਾ ਹੈ ਜਾਂ ਉਹਨਾਂ ਦੀ ਵਿਗਿਆਨਕ ਸਮਝ ਨੂੰ ਪ੍ਰਗਟ ਕਰਦਾ ਹੈ। ਉਹਨਾਂ ਦਾ ਪਾਠਕ ਨੂੰ, ਇਸ ਸਵਾਲ ਪੁੱਛਣ ਦਾ ਉੱਤਰ, ਕੀ ਸਾਨੂੰ ਸਿਰਫ਼ 'ਹਾਂ' ਜਾਂ 'ਨਾਂਹ' ਵਿਚ ਦੇ ਕੇ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ ? ਬਿਲਕੁਲ ਨਹੀਂ। ਇਹ ਪੁਸਤਕ ਪੜ੍ਹਕੇ ਸਾਨੂੰ ਇਹ ਗਿਆਨ ਹੋ ਜਾਣਾ ਚਾਹੀਦਾ ਹੈ ਕਿ ਈਸ਼ਵਰ ਦੀ ਹੋਂਦ ਦਾ ਵਿਸ਼ਵਾਸ ਮਨੁੱਖੀ ਕਲਪਨਾ ਵਿਚ ਕਿਵੇਂ ਪੈਦਾ ਹੋ ਕੇ ਉਸ ਦੀ ਸਮਝ ਦਾ ਕਿਵੇਂ ਅੰਗ ਬਣ ਗਿਆ। ਕਿਵੇਂ ਪੁਜਾਰੀਆਂ ਦੁਆਰਾ, ਧਰਮ ਦੇ ਰੂਪ ਵਿਚ ਸੰਸਥਾ ਬਣਿਆ। ਕਿਵੇਂ ਇਸ ਦੇ ਵਿਚਾਰਵਾਨਾਂ ਨੇ ਦਰਸ਼ਨ ਦੇ ਰੂਪ ਵਿਚ ਵਿਕਸਤ ਕੀਤਾ। ਕਿਵੇਂ ਚਾਰਵਾਕ ਦੇ ਚਿੰਤਕਾਂ ਨੇ ਇਸ ਵਿਸ਼ਵਾਸ (ਆਸਤਿਕਤਾ) ਦੀ ਧੁੰਦ ਦੂਰ ਕਰਨ ਲਈ ਯਥਾਰਥਿਕ ਪਹੁੰਚ ਅਪਣਾਈ। ਕਿਵੇਂ ਚਾਰਵਾਕੀਆ ਦੀ ਯਥਾਰਥਿਕ ਪਹੁੰਚ ਅਤੇ ਦਲੀਲਾਂ ਦੇ ਅੱਗੇ ਆਸਤਿਕ ਵਿਦਵਾਨਾਂ ਨੂੰ ਹਾਰਾਂ ਦਾ ਮੂੰਹ ਦੇਖਣਾ ਪਿਆ। ਕਿਵੇਂ ਆਸਤਿਕਾਂ ਨੇ ਰਾਜ ਸੱਤਾ ਨਾਲ ਸਾਂਝ ਪਾ ਕੇ, ਚਾਰਵਾਕੀਏ ਨਾਸਤਿਕ ਲੋਕਾਂ ਨੂੰ ਖ਼ਤਮ ਕੀਤਾ। ਇਹੋ ਨਹੀਂ, ਉਹਨਾਂ ਦੀਆਂ ਨਾਸਤਿਕ ਲਿਖਤਾਂ ਨੂੰ ਵਿਉਂਤਬੰਦ ਢੰਗ ਨਾਲ ਨਸ਼ਟ ਕੀਤਾ।

ਅੱਜ ਦੇ ਵਿਗਿਆਨਕ ਯੁੱਗ ਵਿਚ ਇਹ ਜ਼ਰੂਰੀ ਹੈ ਕਿ ਅਜੋਕੇ ਸਮਾਜੀ ਜੀਵਨ ਨੂੰ ਦਰਪੇਸ਼ ਮੁਲਾਕਾਤਾਂ, ਰਿਸ਼ਵਤ, ਮਹਿੰਗਾਈ, ਗ਼ਰੀਬੀ, ਅਨਪੜ੍ਹਤਾ, ਬੀਮਾਰੀਆਂ ਆਦਿ ਦਾ ਹੱਲ ਵਿਗਿਆਨਕ ਪਹੁੰਚ ਦੁਆਰਾ ਸਥਾਪਤ ਕੀਤਾ, ਸਾਂਝੀਵਾਲਤਾ ਵਾਲੇ ਸਮਾਜ ਵਿਚ ਹੀ ਸੰਭਵ ਹੈ। ਜੋ ਸੰਘਰਸ਼ ਦੁਆਰਾ ਹੀ ਸਥਾਪਤ ਕੀਤਾ ਜਾ ਸਕਦਾ ਹੈ। ਮੱਧਯੁਗੀ ਤੇ ਪੁਰਾਤਨ ਅਧਿਆਤਮਿਕ ਵਿਸ਼ਵਾਸ ਸਮਾਂ ਵਿਹਾ ਚੁੱਕੇ ਹਨ। ਇਹ ਵਿਸ਼ਵਾਸ ਸਗੋਂ ਜੀਵਨ ਦੀਆਂ ਮੁਸ਼ਕਲਾਂ ਵਿਚ ਵਾਧਾ ਕਰਦੇ ਹਨ। ਹੱਥ ਤੇ ਹੱਥ ਧਰਕੇ ਬੈਠਣ ਨਾਲ ਅਰਦਾਸਾਂ ਨਾਲ ਜੀਵਨ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਨਹੀਂ ਹੈ ਇਸ ਦਾ ਹੱਲ ਅੰਧਵਿਸ਼ਵਾਸਾਂ ਨੂੰ ਚਕਨਾਚੂਰ



ਕਰਕੇ, ਸੰਘਰਸ਼ਾਂ ਦੁਆਰਾ ਹੀ ਹੋਵੇਗਾ। ਇਹ ਮੁਸ਼ਕਲਾਂ ਕਿਸੇ ਕੱਲੇਕਾਲੇ ਨੂੰ ਦਰਪੇਸ਼ ਨਹੀਂ ਹਨ। ਇਹਨਾਂ ਨੇ ਸਾਰੇ ਸਮਾਜ ਨੂੰ ਲਪੇਟ ਵਿਚ ਲੈ ਲਿਆ ਹੈ ਅਤੇ ਇਹਨਾਂ ਨੂੰ ਧਾਰਿਮਕ ਵਿਦਵਾਨਾਂ ਵਾਲੀਆਂ ਪਾਰਟੀਆਂ ਜਾਂ ਸਰਮਾਏਦਾਰ ਪਾਰਟੀਆਂ ਦੀਆਂ ਨੀਤੀਆਂ ਨੇ ਹੀ ਪੈਦਾ ਕੀਤਾ ਹੈ। ਧਰਮ ਪ੍ਰਚਾਰਕ ਇਹਨਾਂ ਪਾਰਟੀਆਂ ਦੀ ਜਕੜ ਨੂੰ ਮਜ਼ਬੂਤ ਕਰਨ ਵਿਚ ਸਹਾਈ ਹੋ ਰਹੇ ਹਨ ਕਿਉਂਕਿ ਅੰਧਵਿਸ਼ਵਾਸ਼ ਦੇ ਸਮੁੰਦਰ ਵਿਚ ਲੋਕਾਂ ਨੂੰ ਡੋਬਣ ਲਈ, ਇਹੋ ਪ੍ਰਚਾਰਕ ਹੀ ਸਰਕਾਰਾਂ ਦੀ ਛਤਰ ਛਾਇਆ ਹੇਠ ਸ਼ਕਤੀ ਹੀਨ ਲੋਕਾਂ ਨੂੰ ਬੇਹੋਸ਼ ਬਣਾਉਣ ਵਿਚ ਲੱਗੇ ਹੋਏ ਹਨ।

ਅੱਜ ਦੇ ਸਮਾਜ ਵਿਚ ਖੁਸ਼ੀਆਂ ਭਰਿਆ ਜੀਵਨ ਜਿਉਣ ਲਈ ਗਿਆਨ-ਵਿਗਿਆਨ ਦੀ ਸ਼ਕਤੀ, ਪੁਰਸ਼ਾਰਥ, ਬਰਾਬਰਤਾ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖ਼ਾਤਮਾ ਕਰਨ ਲਈ ਜਾਗਰਤ ਸੰਘਰਸ਼ਾਂ ਦੀ ਲੋੜ ਹੈ। ਇਸ ਤਰ੍ਹਾਂ ਦੇ ਸਮਾਜ ਦੀ ਉਸਾਰੀ ਦੇ ਰਾਹ ਵਿਚ ਦੇ ਸਾਰੇ ਅੜਿੱਕਿਆਂ ਨੂੰ ਹੂੰਝਣ ਦੇ ਨਾਲ ਨਾਲ ਅੰਧਵਿਸ਼ਵਾਸਾਂ ਨੂੰ ਵੀ ਹੂੰਝਣ ਦੀ ਲੋੜ ਹੈ। ਏਸੇ ਲਈ ਸ: ਭਗਤ ਸਿੰਘ ਲਿਖਦੇ ਹਨ :

"ਸਮਾਜ ਨੂੰ ਇਸ ਵਿਸ਼ਵਾਸ ਵਿਰੁੱਧ ਓਸੇ ਤਰ੍ਹਾਂ ਲੜਨਾ ਪਵੇਗਾ ਜਿਵੇਂ ਮੂਰਤੀ ਪੂਜਾ ਅਤੇ ਧਰਮਾਂ ਦੇ ਤੰਗ ਨਜ਼ਰ ਵਿਸ਼ਵਾਸਾਂ ਵਿਰੁੱਧ ਲੜਨਾ ਪਿਆ ਸੀ। ਏਸੇ ਤਰ੍ਹਾਂ ਜਦੋਂ ਮਨੁੱਖ ਆਪਣੇ ਪੈਰਾਂ ਉੱਪਰ ਖੜਨ ਦਾ ਯਤਨ ਕਰਦਾ ਹੈ ਅਤੇ ਯਥਾਰਥਵਾਦੀ ਬਣ ਜਾਂਦਾ ਹੈ ਤਾਂ ਉਸ ਨੂੰ ਸ਼ਰਧਾ ਤੇ ਵਿਸ਼ਵਾਸਾਂ ਨੂੰ ਪਰੇ ਵਗਾਹ ਮਾਰਨਾ ਚਾਹੀਦਾ ਹੈ ਅਤੇ ਮਰਦਾਂ ਵਾਂਗ ਸਾਰੇ ਕਸ਼ਟਾਂ, ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ, ਜਿਨ੍ਹਾਂ ਵਿਚ ਹਾਲਾਤ ਨੇ ਉਸ ਨੂੰ ਸੁੱਟਿਆ ਹੋਇਆ ਹੈ। ਇਹੋ ਮੇਰੀ ਅੱਜ ਦੀ ਸਥਿਤੀ ਹੈ। ਇਹ ਮੇਰਾ ਘਮੰਡ ਨਹੀਂ, ਮੇਰੇ ਦੋਸਤੋ! ਇਹ ਮੇਰਾ ਸੋਚਣ ਢੰਗ ਹੈ, ਜਿਸ ਨੇ ਮੈਨੂੰ ਨਾਸਤਿਕ ਬਣਾਇਆ ਹੈ।

✪ ✪ ✪